# 28

# ਵੱਡੇ ਬੱਚਿਆਂ ਲਈ ਕਹਾਣੀ

## 2 ਸਮੂਏਲ 24; 1 ਇਤਿਹਾਸ 21

ਇਸ ਪਾਠ ਦਾ ਸਿਰਲੇਖ ''ਵੱਡੇ ਬੱਚਿਆਂ ਲਈ ਕਹਾਣੀ'' ਹੈ, ਪਰ ਇਹ ਸੌਣ ਵੇਲੇ ਸੁਣਾਈ ਜਾਣ ਵਾਲੀ ਕਹਾਣੀ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਜਾਗਦੇ ਰਹੋ! ਸਾਡੀ ਇਹ ਕਹਾਣੀ 2 ਸਮੂਏਲ 24 ਅਧਿਆਇ ਵਿਚ ਮਿਲਦੀ ਹੈ ਅਤੇ 1 ਇਤਿਹਾਸ 21 ਵਿਚ ਦੁਬਾਰਾ ਦੱਸਦਿਆਂ ਇਸ ਵਿਚ ਕਈ ਵੇਰਵੇ ਜੋੜੇ ਗਏ ਹਨ।

ਰੋਮੀਆਂ 15:4 ਕਹਿੰਦਾ ਹੈ, ''ਕਿਉਂਕਿ ਜੋ ਕੁਝ ਅੱਗੇ ਲਿਖਿਆ ਗਿਆ ਸੋ ਸਾਡੀ ਸਿੱਖਿਆ ਦੇ ਲਈ ਲਿਖਿਆ ਗਿਆ ਭਈ ਅਸੀਂ ਧੀਰਜ ਤੋਂ ਅਤੇ ਧਰਮ ਪੁਸਤਕ ਦੇ ਦਿਲਾਸੇ ਤੋਂ ਆਸਾ ਰੱਖੀਏ।'' ਪੁਰਾਣੇ ਨੇਮ ਦੀ ਲਿਖਤ ਸਾਡੇ ਲਈ ਨਿਯਮ ਨਹੀਂ ਹੈ, ਪਰ ਉਨ੍ਹਾਂ ਦੀ ਅਹਿਮੀਅਤ ਜ਼ਰੂਰ ਹੈ। (1) ਉਹ ''ਸਾਡੀ ਸਿੱਖਿਆ ਦੇ ਲਈ ਲਿਖਿਆ ਗਿਆ'' ਹੈ। ਪੁਰਾਣੇ ਨੇਮ ਦੀ ਵਧੇਰੇ ਸਿੱਖਿਆ ਟੀਚਾ ਨਾ ਹੋ ਕੇ ਵਿਰਤਾਂਤੀ ਹੈ, ਭਾਵ ਕਹਾਣੀਆਂ ਹਨ ਜਿਨ੍ਹਾਂ ਦੇ ਰਾਹੀਂ ਖ਼ੁਦਾ ਸਾਨੂੰ ਸਮਝਾਉਣਾ ਚਾਹੁੰਦਾ ਹੈ। (2) ਉਹ ਸਾਥੋਂ ''ਮਜ਼ਬੂਤੀ'' ਜਾਂ ਸ਼ਹਿਣਸੀਲਤਾ ਚਾਹੁੰਦਾ ਹੈ। (3) ਉਹ ਸਾਨੂੰ ਤਸੱਲੀ ਦਿੰਦੀਆਂ ਅਤੇ ''ਦਲੇਰ'' ਕਰਦੀਆਂ ਹਨ। (4) ਉਹ ਸਾਨੂੰ ''ਆਸ,'' ਜਾਨ ਦਾ ਲੰਗਰ ਦਿੰਦੀਆਂ ਹਨ। 2 ਸਮਏੂਲ 24 ਅਤੇ 1 ਇਤਿਹਾਸ 21 ਦੇ ਵਿਰਤਾਂਤਾਂ ਦੀ ਵਰਤੋਂ ਕਰਦੇ ਹੋਏ, ਅਸੀਂ ਸੱਤ ਸਚਾਈਆਂ ਉੱਤੇ ਧਿਆਨ ਦਿਆਂਗੇ।

### ਵੱਡਿਆਂ ਤੋਂ ਵੀ ਪਾਪ ਹੋ ਸਕਦਾ ਹੈ
### (2 ਸਮੂਏਲ 24:1-10; 1 ਇਤਿਹਾਸ 21:1-8)

ਬਹੁਤ ਸਾਰੀਆਂ ਕਹਾਣੀਆਂ ਦਾ ਅਰੰਭ, ''ਇਕ ਵਾਰ ਦੀ ਗੱਲ ਹੈ'' ਨਾਲ ਹੁੰਦਾ ਹੈ। ਇਸੇ ਫ਼ਾਰਮੂਲੇ ਦੀ ਵਰਤੋਂ ਕਰਦੇ ਹੋਏ, ਅਸੀਂ ਸ਼ੁਰੂਆਤ ਕਰਾਂਗੇ, ''ਇਕ ਵਾਰ ਦੀ ਗੱਲ ਹੈ,ਬਾਦਸ਼ਾਹ ਦਾਊਦ ਨੇ ਮਰਦਮਸ਼ੁਮਾਰੀ ਕਰਵਾਉਣ ਦਾ ਫ਼ੈਸਲਾ ਕੀਤਾ।'' ਬਾਈਬਲ ਕਹਿੰਦੀ ਹੈ, ''ਬਾਦਸ਼ਾਹ ਨੇ ਯੋਆਬ ਸੈਨਾਪਤੀ ਨੂੰ ਜੋ ਉਹ ਦੇ ਕੋਲ ਸੀ ਆਖਿਆ ਕਿ ਇਸਰਾਏਲ ਦੇ ਸਾਰੇ ਗੋਤਾਂ ਦਾਨ ਤੋਂ ਲੈ ਕੇ ਬਏਰਸ਼ਬਾ ਤਕ ਲੰਘ ਜਾਹ ਅਤੇ ਲੋਕਾਂ ਨੂੰ ਗਿਣ ਲੈ ਭਈ ਮੈਨੂੰ ਲੋਕਾਂ ਦੀ ਗਿਣਤੀ ਪਤਾ ਲੱਗੇ'' (2 ਸਮੂਏਲ 24:2)। ਇਹ ਕਹਾਣੀ ਹਕੂਮਤ ਦੇ ਖਾਤਮੇ ਦੇ ਨੇੜੇ ਦੀ ਹੈ। ਇਸ ਬੁੱਢੇ ਨੇ ਮਰਦਮਸ਼ੁਮਾਰੀ ਕਰਨ ਦਾ ਫ਼ੈਸਲਾ ਲਿਆ, ਅਤੇ ਅਜਿਹਾ ਕਰਕੇ ਉਸ ਨੇ ਪਾਪ ਕੀਤਾ।

ਇਹ ਸਾਫ਼ ਨਹੀਂ ਹੈ ਕਿ ਉਸ ਦੇ ਇਸ ਕੰਮ ਨੂੰ ਪਾਪ ਕਿਉਂ ਕਿਹਾ ਗਿਆ। ਹੋਰਨਾਂ ਸਮਿਆਂ ਤੇ ਖ਼ੁਦਾ ਨੇ ਗਿਣਤੀ ਕਰਨ ਦਾ ਹੁਕਮ ਦਿੱਤਾ ਸੀ; ਪਰ ਇਸ ਵਾਰ ਕਿਸੇ ਕਾਰਣ ਖ਼ੁਦਾ ਹੀ ਇਹ ਨਹੀਂ ਚਾਹੁੰਦਾ ਸੀ। ਦਾਊਦ ਦੀ ਫ਼ੌਜ ਦੇ ਜਰਨੈਲ ਯੋਆਬ ਨੂੰ ਲੱਗਾ ਕਿ ਦਾਊਦ ਹੰਕਾਰਿਆ ਗਿਆ ਹੈ ਅਤੇ ਉਸ ਨੇ ਉਹਦੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ: ''ਯਹੋਵਾਹ ਤੁਹਾਡਾ ਪਰਮੇਸੁਰ ਲੋਕਾਂ ਨੂੰ ਜਿੰਨੇ ਉਹ ਹਨ ਸੌ ਗੁਣਾ ਵਧੀਕ ਕਰੇ ਅਤੇ ਮੇਰੇ ਮਹਾਰਾਜ ਬਾਦਸ਼ਾਹ ਦੀਆਂ ਅੱਖੀਆਂ ਵੀ ਇਹ ਗੱਲ ਵੇਖਣ ਪਰ ਇਸ ਗੱਲ ਦੇ ਕਾਰਣ ਮੇਰੇ ਮਹਾਰਾਜ ਬਾਦਸ਼ਾਹ ਦਾ ਮਨ ਕਾਹਨੂੰ ਖੁਸ਼ ਹੁੰਦਾ ਹੈ'' (2 ਸਮੂਏਲ 24:3)।[1] ਜ਼ਾਹਰ ਹੈ ਗਿਣਤੀ ਸਿਰਫ਼ ਲੜਨ ਵਾਲੇ ਆਦਮੀਆਂ ਦੀ ਕੀਤੀ ਗਈ ਸੀ:

''ਅਤੇ ਯੋਆਬ ਨੇ ਲੋਕਾਂ ਦੀ ਗਿਣਤੀ ਦਾ ਚਿੱਠਾ ਬਾਦਸ਼ਾਹ ਨੂੰ ਦਿੱਤਾ ਸੋ ਇਸਰਾਏਲ ਦੇ ਅੱਠ ਲੱਖ ਸੂਰਮੇ ਤਲਵਾਰ ਧਾਰੀ ਮਨੁੱਖ ਸਨ ਅਤੇ ਯਹੂਦਾਹ ਦੇ ਪੰਜ ਲੱਖ ਮਨੁੱਖ ਸਨ'' (2 ਸਮੂਏਲ 24:9)। ਪਿਛਲੀ ਗਿਣਤੀ ਦੇ ਉਲਟ ਇਹ ਗਿਣਤੀ ਲੋਕਾਂ ਨੂੰ ਸੰਗਠਿਤ ਕਰਨ ਲਈ ਨਹੀਂ ਸੀ, ਨਾ ਹੀ ਇਸ ਦਾ ਕੋਈ ਧਾਰਮਿਕ ਮਕਸਦ ਸੀ। ਇਹ ਸਿਰਫ਼ ਫ਼ੌਜੀ ਮਕਸਦਾਂ ਲਈ ਸੀ।

ਸੰਭਵ ਤੌਰ ਤੇ ਇਸ ਗਿਣਤੀ ਦੇ ਪਾਪ ਹੋਣ ਦਾ ਕਾਰਣ ਇਹ ਸੰਕੇਤ ਹੈ ਕਿ ਯਹੂਦਾ ਆਪਣੀ ਤਾਕਤ ਉੱਤੇ ਬਹੁਤਾ ਪਰ ਖ਼ੁਦਾ ਉੱਤੇ ਘੱਟ ਭਰੋਸਾ ਕਰਦਾ ਸੀ। ਜਦ ਦਾਊਦ ਸਿਰਫ਼ ਇਕ ਗੋਪੀਆ ਲੈ ਕੇ ਗੋਲੀਅਥ ਨਾਲ ਲੜਨ ਗਿਆ ਸੀ ਤਾਂ ਜਿਸਮਾਨੀ ਤਾਕਤ ਉਸ ਦੀ ਨਜ਼ਰ ਵਿਚ ਫ਼ਜ਼ੂਲ ਸੀ। ਜਦ ਉਸ ਨੇ ਅਮਾਲੇਕੀ ਫ਼ੌਜਾ ਦਾ ਮੁਕਾਬਲਾ ਕਰਨ ਲਈ ਚਾਰ ਸੌ ਬੰਦੇ ਨਾਲ ਲਏ ਸਨ (2 ਸਮੂਏਲ 30:10), ਤਾਂ ਆਪਣੀ ਫ਼ੌਜ ਦੀ ਗਿਣਤੀ ਦਾ ਉਹਦੇ ਲਈ ਬਹੁਤਾ ਮਹੱਤਵ ਨਹੀਂ ਸੀ; ਲਗਦਾ ਹੈ ਕਿ ਖ਼ੁਦਾ ਦੀ ਮੌਜੂਦਗੀ ਹੁਣ ਕਾਫ਼ੀ ਨਹੀਂ ਸੀ। ਉਹ ਜਾਣਨਾ ਚਾਹੁੰਦਾ ਸੀ ਕਿ ਉਹ ਕਿੰਨੇ ਲੋਕਾਂ ਨੂੰ ਜੰਗ ਵਿਚ ਭੇਜ ਸਕਦਾ ਹੈ।

ਸਾਨੂੰ ਇਹ ਪਤਾ ਚੱਲੇ ਜਾਂ ਨਾ ਕਿ ਇਹ ਉਸ ਦਾ ਪਾਪ ਕਿਉਂ ਸੀ, ਪਰ ਸਾਨੂੰ ਏਨਾ ਪਤਾ ਹੈ ਕਿ ਇਹ ਇਕ ਪਾਪ *ਸੀ*। 1 ਇਤਿਹਾਸ 21 ਦੀ ਪਹਿਲੀ ਆਇਤ ਇਕ ਮਹੱਤਵਪੂਰਣ ਵੇਰਵਾ ਦਿੰਦੀ ਹੈ: ''ਅਤੇ *ਸ਼ੈਤਾਨ* ਨੇ ਇਸਰਾਏਲ ਦੇ ਵਿਰੁੱਧ ਉੱਠਿਆ ਅਤੇ ਉਸ ਨੇ ਦਾਊਦ ਨੂੰ ਪ੍ਰੇਰਿਆ ਕਿ ਉਹ ਇਸਰਾਏਲ ਦੀ ਗਿਣਤੀ ਕਰੇ।'' ਖ਼ੁਦਾ ਨੇ ਇਸ ਦੀ ਇਜਾਜ਼ਤ ਦੇ ਦਿੱਤੀ (2 ਸਮੂਏਲ 24:1), ਪਰ ਇਹਦੇ ਲਈ ਉਕਸਾਉਣ ਵਾਲਾ ਸ਼ੈਤਾਨ ਹੀ ਸੀ।[2] ਆਇਤ 7 ਆਖਦੀ ਹੈ, ''ਪਰਮੇਸ਼ੁਰ ਨੂੰ ਇਹ ਗੱਲ ਡਾਹਡੀ ਅਣਭਾਉਂਦੀ ਸੀ।'' ਇਸ ਦੇ ਇਲਾਵਾ, ਗਿਣਤੀ ਲਗਭਗ ਪੂਰੀ ਹੋਣ ਦੇ ਬਾਅਦ, ਦਾਊਦ ਦੇ ਮਨ ਵਿਚ ਅਜਿਹਾ ਕੋਈ ਸਵਾਲ ਨਹੀਂ ਸੀ ਕਿ ਉਸ ਨੇ ਪਾਪ ਕੀਤਾ ਹੈ। ''ਲੋਕਾਂ ਦੀ ਗਿਣਤੀ ਕਰਨ ਦੇ ਪਿੱਛੋਂ ਦਾਊਦ ਦੇ ਮਨ ਨੇ ਉਹਨੂੰ ਸਤਾਇਆ ਅਤੇ ਦਾਊਦ ਨੇ ਯਹੋਵਾਹ ਨੂੰ ਆਖਿਆ ਕਿ ਇਹ ਜੋ ਮੈਂ ਕੀਤਾ ਹੈ ਵੱਡਾ ਪਾਪ ਹੈ'' (2 ਸਮੂਏਲ 24:10)।

ਵੱਡੇ ਬੱਚੇ ਵੀ ਪਾਪ ਕਰ ਸਕਦੇ ਹਨ। ਵੱਡੇ ਵੀ ਸ਼ੈਤਾਨ ਦੀ ਅਜ਼ਮਾਇਸ਼ਾ ਵਿਚ ਆ ਕੇ ਧੋਖਾ ਖਾ ਸਕਦੇ ਹਨ।

ਇਹ ਵਿਚਾਰ ਕਰਨਾ ਚੰਗਾ ਹੋਵੇਗਾ ਕਿ ਅਸੀਂ ਜ਼ਿੰਦਗੀ ਵਿਚ ਅਜਿਹੀ ਥਾਂ ਤੇ ਪੁੱਜ ਸਕਦੇ ਹਾਂ ਜਿੱਥੇ ਪਾਪ ਕੋਈ ਦਿੱਕਤ ਨਹੀਂ ਰਹਿੰਦੀ, ਕਿਉਂਕਿ ਅਸੀਂ ਐਨੇ ਸਿਆਣੇ ਅਤੇ ਪੱਕੇ ਹੋ ਸਕਦੇ ਹਾਂ ਕਿ ਅਸੀਂ ਪਾਪ ਬਾਰੇ ਭੁੱਲ ਸਕੀਏ; ਪਰ ਹਕੀਕਤ ਵਿਚ ਅਜਿਹਾ ਨਹੀਂ ਹੈ। ਅੱਯੂਬ 32:9 ਵਿਚ ਗੰਭੀਰ ਵਿਚਾਰ ਹੈ: ''ਉਹ ਵੱਡੇ ਹੀ ਨਹੀਂ ਜਿਹੜੇ ਬੁੱਧਵਾਨ ਹਨ, ਅਤੇ ਨਾ ਹੀ ਬੁੱਢੇ [ਬਜ਼ੁਰਗ] ਨਿਆਉਂ ਨੂੰ ਸਮਝਣ ਵਾਲੇ ਹਨ।''

ਅਸੀਂ ਸੋਚ ਸਕਦੇ ਹਾਂ ਕਿ ਸ਼ੈਤਾਨ ਦੀਆਂ ਚਾਲਾਂ ਨੂੰ ਜੇ ਕਰ ਕੋਈ ਸਹਿ ਸਕਦਾ ਹੈ ਤਾਂ ਉਹ ਦਾਊਦ ਹੀ ਹੈ। ਉਹ ''ਖ਼ੁਦਾ ਦੇ ਮਨ ਮੁਤਾਬਕ ਇਕ ਮਨੁੱਖ'' ਜੋ ਸੀ। ਉਸ ਨੂੰ ਬਥਸ਼ਬਾ ਦੇ ਸਬੰਧ ਦਾ ਖ਼ਤਰਨਾਕ ਅਨੁਭਵ ਅਤੇ ਉਸ ਦੇ ਬਾਅਦ ਤੇ ਨਤੀਜੇ ਤੋਂ ਪਤਾ ਸੀ, ਅਤੇ ਉਹ ਨਿੱਜੀ ਸਮਰਪਣ ਵਿਚ ਮਜ਼ਬੂਤ ਹੋ ਕੇ ਬਾਹਰ ਨਿੱਕਲਿਆ ਸੀ। ਦਾਊਦ ਅਖ਼ੀਰ ਤਕ ਵਫ਼ਾਦਾਰ ਰਿਹਾ, ਪਰ ਅਖ਼ੀਰ ਤਕ ਉਹ ਗਲਤੀਆਂ ਵੀ ਕਰਦਾ ਰਿਹਾ।

ਇਹ ਅਹਿਸਾਸ ਦੁਆਉਣ ਲਈ ਕਿ ਸਾਡੇ ਜਵਾਨ ਇੰਜ ਅਸਾਨੀ ਨਾਲ ਡਿੱਗ ਸਕਦੇ ਹਨ, ਅਸੀਂ ਉਨ੍ਹਾਂ ਨੂੰ ਪਰੀਖਿਆ ਵਿੱਚੋਂ ਖ਼ਬਰਦਾਰ ਰਹਿਣ ਲਈ ਆਖਦੇ ਹਾਂ। ਸਾਨੂੰ ਇਹ ਅਹਿਸਾਸ ਹੋਣਾ ਜ਼ਰੂਰੀ ਹੈ ਕਿ ਵੱਡੇ ਹੋਣ ਦੇ ਬਾਵਜੂਦ ਅਸੀਂ ਵੀ ਅਭੇਦ ਹਾਂ। ਦਾਊਦ ਦੇ ਬੁੱਢਾ ਹੋ ਜਾਣ ਤੇ ਸ਼ੈਤਾਨ ਨੇ ਉਸ ਨੂੰ ਸਰੀਰਕ ਵਾਸਨਾ ਦੇ ਰਾਹੀਂ ਨਹੀਂ ਡੇਗਿਆ; ਉਸ ਨੇ ਦਾਊਦ ਨੂੰ ਉਸ ਦੇ ਮਨ ਦੇ ਹੰਕਾਰ ਦੇ ਰਾਹੀਂ ਡੇਗਿਆ। ਕੌਮ ਲਈ ਤਾਂ ਨਤੀਜੇ ਇਸ ਤੋਂ ਵੀ ਭਿਆਨਕ ਸਨ।

ਸਾਡੇ ਵਿੱਚੋਂ ਜਿਹੜੇ ਬੁੱਢੇ ਹੋ ਚੁਕੇ ਹਨ ਉਨ੍ਹਾਂ ਨੂੰ ਇਹ ਅਹਿਸਾਸ ਕਰਨਾ ਚਾਹੀਦਾ ਹੈ ਕਿ ਸਾਨੂੰ ਸਰੀਰਕ ਅਜ਼ਮਾਇਸ਼ ਤੋਂ ਛੂਟ ਨਹੀਂ ਹੈ। ਇਕ ਉਮਰ ਵਿਚ ਜਾ ਕੇ ਸਾਨੂੰ ਟੈਕਸ ਆਦਿ ਤੋਂ ਛੂਟ ਮਿਲ ਸਕਦੀ ਹੈ, ਪਰ ਪਾਪ ਤੋਂ ਛੂਟ ਕਦੀ ਨਹੀਂ ਮਿਲਦੀ। ਇਹ ਅੱਜ ਵੀ ਸੱਚ ਹੈ ਕਿ ਜਿਹੜਾ ਸੋਚਦਾ ਹੈ ਕਿ ਉਹ ਖਲੋਤਾ ਹੈ ਉਸ ਨੂੰ ਚਾਹੀਦਾ ਹੈ ਕਿ ''ਉਹ ਚੌਕਸ ਰਹੇ; ਕਿ ਕਿਤੇ ਡਿੱਗ ਨਾ ਜਾਵੇ'' (1 ਕੁਰਿੰਥੀਆਂ 10:12)। ਇਹ ਸੱਚ ਹੈ ਕਿ ਸ਼ੈਤਾਨ ''ਬੁੱਕਦੇ ਸ਼ੀਂਹ ਵਾਂਗ ਭਾਲਦਾ ਰਹਿੰਦਾ ਹੈ ਕਿ ਕਿਹ ਨੂੰ ਪਾੜ ਖਾਵਾਂ'' (1 ਪਤਰਸ 5:8)। ਤੁਹਾਡੀ ਉਮਰ ਵਧ ਜਾਣ ਕਰਕੇ ਸ਼ੈਤਾਨ ਤੁਹਾਡਾ ਨਾਂਅ ਅਤੇ ਪਤਾ ਭੁੱਲ ਨਹੀਂ ਜਾਂਦਾ; ਨਾ ਤੁਹਾਡੀਆਂ ਕਮਜ਼ੋਰੀਆਂ ਨੂੰ ਭੁੱਲਦਾ ਹੈ (ਯਾਕੂਬ 1:14)। ਇਸ ਦੇ ਇਲਾਵਾ, ਇਹ ਅੱਜ ਵੀ ਸੱਚ ਹੈ ਕਿ ''ਪਾਪ ਦੀ ਮਜਦੂਰੀ ਮੌਤ ਹੈ'' (ਰੋਮੀਆਂ 6:23)। ਕੁਝ ਮਹੀਨਿਆਂ ਦੇ ਬਾਅਦ ਵਿਚ, ਮੈਨੂੰ ਬਜ਼ੁਰਗਾਂ ਨੂੰ ਮਿਲਣ ਵਾਲੀ ਛੂਟ ਮਿਲਣ ਲੱਗ ਪਵੇਗੀ, ਪਰ ਬਜ਼ੁਰਗਾਂ ਲਈ ਪਾਪ ਉੱਤੇ ਕੋਈ ਰਿਆਇਤ ਨਹੀਂ ਹੈ। ਉਸ ਦੀ ਮਜ਼ਦੂਰੀ ਸਭ ਲਈ ਬਰਾਬਰ ਹੈ।

## ਵੱਡਿਆਂ ਲਈ ਜ਼ਮੀਰ ਨੂੰ ਸੰਵੇਦਨਸ਼ੀਲ ਰੱਖਣਾ ਜ਼ਰੂਰੀ ਹੈ (2 ਸਮੂਏਲ 24:10; 1 ਇਤਿਹਾਸ 21:7, 8)

2 ਸਮੂਏਲ 24 ਵਿਚ ਕਈ ਮਹਾਨ ਆਇਤਾਂ ਮਿਲਦੀਆਂ ਹਨ। ਆਇਤ 10 ਉਨ੍ਹਾਂ ਵਿੱਚੋਂ ਇਕ ਹੈ। ਇਹ ਆਇਤ ਵਿਖਾਉਂਦੀ ਹੈ ਕਿ ਦਾਊਦ ਨੂੰ ''ਖ਼ੁਦਾ ਦੇ ਮਨ ਮੁਤਾਬਕ ਆਦਮੀ'' ਕਿਉਂ ਆਖਿਆ ਜਾਂਦਾ ਹੈ: ''ਲੋਕਾਂ ਦੀ ਗਿਣਤੀ ਕਰਨ ਦੇ ਪਿੱਛੋਂ ਦਾਊਦ ਦੇ ਮਨ ਨੇ ਉਹਨੂੰ ਸਤਾਇਆ ਅਤੇ ਦਾਊਦ ਨੇ ਯਹੋਵਾਹ ਨੂੰ ਆਖਿਆ ਕਿ ਇਹ ਜੋ ਮੈਂ ਕੀਤਾ ਹੈ ਵੱਡਾ ਪਾਪ ਹੈ! ਹੁਣ ਹੇ ਯਹੋਵਾਹ ਦਿਆ ਕਰ ਕੇ ਆਪਣੇ ਦਾਸ ਦੀ ਬਦੀ ਦੂਰ ਕਰ ਕਿਉਂ ਜੋ ਮੈਂ ਵੱਡੀ ਮੂਰਖਤਾ ਦਾ ਕੰਮ ਕੀਤਾ ਹੈ।''

ਮਰਦਮਸ਼ੁਮਾਰੀ ਤਕਰੀਬਨ ਪੂਰੀ ਹੋ ਚੁੱਕੀ ਸੀ। ਬਿਨਯਾਮੀਨ ਅਤੇ ਲੇਵੀ ਦੇ ਕਬੀਲਿਆਂ ਨੂੰ ਛੱਡ ਕੇ ਸਭ ਦੀ ਗਿਣਤੀ ਹੋ ਗਈ ਸੀ (1 ਇਤਿਹਾਸ 21:6)। ਯੋਆਬ ਨੇ ਦਾਊਦ ਨੂੰ ਤੱਥ ਅਤੇ ਆਂਕੜੇ ਦੇ ਦਿੱਤੇ ਸਨ। ਮੋਟੀ ਕਿਤਾਬ ਵਰਗੀ ਰਿਪੋਰਟ ਦੀ ਕਲਪਨਾ ਕੀਤੀ ਜਾ ਸਕਦੀ ਹੈ, ਜਿਸ ਨੂੰ ਬਣਾਉਣ ਵਿਚ 9 ਤੋਂ ਵੱਧ ਮਹੀਨੇ ਲੱਗ ਗਏ, ਦਾਊਦ ਦੇ ਬਿਸਤਰ ਕੋਲ ਮੇਜ਼ ਤੇ ਪਈ ਹੋਈ ਸੀ। ਦਾਊਦ ਨੇ ਇਸ ਨੂੰ ਪੜ੍ਹਿਆ, ਫਿਰ ਲੇਟ ਗਿਆ। ਪਰ ਉਹ ਸੌਂ ਨਾ ਸਕਿਆ। ਉਹ ਮਨ ਵਿਚ ਪਰੇਸ਼ਾਨ ਸੀ। ਕੀ ਗਲਤੀ ਹੋ ਗਈ? ਉਸ ਦਾ ਜ਼ਮੀਰ ਉਸ ਨੂੰ ਪਰੇਸ਼ਾਨ ਕਰ ਰਿਹਾ ਸੀ। ਨਹੀਂ ਏਨਾ ਹੀ ਨਹੀਂ ਸੀ। ਉਸ ਦਾ ਜ਼ਮੀਰ ਤਾਂ ਉਸ ਨੂੰ ਪਾੜ ਰਿਹਾ ਸੀ। ਸਾਡੇ ਅਨੁਵਾਦ ਵਿਚ ਕਿਹਾ ਗਿਆ ਹੈ ਕਿ ਉਸ ਦੇ ਮਨ ਨੇ ''ਉਸ ਨੂੰ ਸਤਾਇਆ।'' KJV ਦੇ ਅਨੁਵਾਦ ਵਿਚ ''David's heart smote him'' ਹੈ ਜਿਸ ਦਾ ਅਰਥ ਹੈ ''ਦਾਊਦ ਦੇ ਮਨ ਨੇ ਉਸ ਨੂੰ ਮਾਰਿਆ।''[3]

ਦਾਊਦ ਸਿੱਧ ਨਹੀਂ ਸੀ। ਉਸ ਵਿਚ ਵੀ ਸਾਡੇ ਵਾਂਗ ਹੀ ਕਮਜ਼ੋਰੀਆਂ ਸਨ। ਉਸ ਵਿਚ ਵੀ ਜ਼ਮੀਰ ਸੀ। ਉਹ ਪ੍ਰਭੂ ਦੇ ਏਨਾ ਨੇੜੇ ਸੀ ਕਿ ਜਦ ਉਸ ਤੋਂ ਕੋਈ ਗਲਤੀ ਹੋ ਜਾਂਦੀ ਤਾਂ ਉਸ ਦਾ ਜ਼ਮੀਰ ਉਸ ਨੂੰ ਇਕੱਲ੍ਹਾ ਨਹੀਂ ਰਹਿਣ ਦਿੰਦਾ ਸੀ।

ਇਕ ਖਾਸ ਦਾਨ ਜਿਹੜਾ ਖ਼ੁਦਾ ਹਰ ਕਿਸੇ ਨੂੰ ਦਿੰਦਾ ਹੈ ਉਹ ਜ਼ਮੀਰ ਭਾਵ ਸਹੀ ਅਤੇ ਗਲਤ ਦੀ ਸਮਝ ਹੈ, ਜੋ ਸਾਡੇ ਵਿੱਚੋਂ ਹਰੇਕ ਦੇ ਅੰਦਰ ਹੈ ਅਤੇ ਜਦ ਸਾਨੂੰ ਲਗਦਾ ਹੈ ਕਿ ਅਸੀਂ ਕੋਈ ਗਲਤੀ ਕੀਤੀ ਹੈ ਤਾਂ ਉਹ ਸਾਨੂੰ ਪਰੇਸ਼ਾਨ ਕਰਦਾ ਹੈ, ਜਿਸ ਨਾਲ ਸਾਨੂੰ *ਗਲਤੀ* ਦਾ ਅਹਿਸਾਸ ਹੁੰਦਾ ਹੈ।

ਅੱਜ ਲੋਕਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਜ਼ਮੀਰ ਨੂੰ ਨਜ਼ਰਅੰਦਾਜ਼ ਕਰ ਦਿਓ, ਸਹੀ ਅਤੇ ਗਲਤ ਦੇ ਪੁਰਾਣੇ ਵਿਚਾਰਾਂ ਨੂੰ ਤਿਆਗ ਦਿਓ। ਲੋਕਾਂ ਨੂੰ ਸਮਾਜ ਦੀਆਂ ਨੈਤਿਕਤਾਵਾਂ ਜਾਂ ਖ਼ੁਦਾ ਦੇ ਕਥਿਤ ਨਿਯਮਾਂ ਦਾ ਉਲੰਘਣ ਕਰਨ ਤੇ ਬੁਰਾ ਨਾ ਮੰਨਣ ਲਈ ਕਿਹਾ ਜਾਂਦਾ ਹੈ। ਦੋਸ਼ੀ ਹੋਣ ਦੀ ਭਾਵਨਾ ਤੇ ਖਾਸ ਤੌਰ ਤੇ ਸੱਟ ਮਾਰੀ ਜਾਂਦੀ ਹੈ। ਸਾਨੂੰ ਦੱਸਿਆ ਜਾਂਦਾ ਹੈ, ''ਸ਼ਰਮਿੰਦਾ ਹੋਣ ਦੀ ਲੋੜ ਨਹੀਂ

ਹੈ।'' ਪ੍ਰਚਾਰਕਾਂ ਦੀ ਤਾੜਨਾ ਕੀਤੀ ਜਾਂਦੀ ਹੈ, ''ਲੋਕਾਂ ਨੂੰ ਉਨ੍ਹਾਂ ਦੀਆਂ ਗਲਤੀਆਂ ਨਾ ਗਿਣਾਓ।''

ਸਾਨੂੰ ਜ਼ਮੀਰ ਦੇਣ ਦਾ ਖ਼ੁਦਾ ਦਾ ਕੋਈ ਮਤਲਬ ਸੀ। ਉਸ ਨੇ ਸਾਡੇ ਵਿੱਚੋਂ ਹਰੇਕ ਵਿਚ ਸਾਡੇ ਹੀ ਭਲੇ ਲਈ ਭਾਵ ਪਾਪ ਨੂੰ ਨਾਪਸੰਦ ਕਰਨ, ਅਤੇ ਪਾਪ ਨਾ ਕਰਨ ਦੀ ਹਾਲਤ ਵਿਚ ਉਸ ਲਈ ਸ਼ਰਮਿੰਦਾ ਹੋ ਕੇ ਦਿਆ ਅਤੇ ਮਾਫ਼ੀ ਲਈ ਵਾਪਸ ਉਹਦੇ ਵੱਲ ਆਉਣ ਲਈ ਸਾਨੂੰ ਜ਼ਮੀਰ ਦਿੱਤਾ ਹੈ। ਜੇ ਜ਼ਮੀਨ ਨੇ ਕੰਮ ਕਰਨਾ ਹੈ, ਤਾਂ ਉਹ ਸੰਵੇਦਨਸ਼ੀਲ, ਕੋਮਲ ਅਤੇ ਮਿਲਣਸਾਰ ਹੋਣਾ ਚਾਹੀਦਾ ਹੈ।

ਬਹੁਤ ਸਾਰੇ ਜਵਾਨ ਲੋਕਾਂ ਦਾ ਜ਼ਮੀਰ, ਜਿਨ੍ਹਾਂ ਨੂੰ ਮੈਂ ਜਾਣਦਾ ਹਾਂ ਅਜਿਹਾ ਹੀ ਸੀ। ਸੰਸਾਰ ਨਾਲ ਦਿਖਾਵਟੀ ਪ੍ਰੇਮ ਕਰਨ ਅਤੇ ਮਨੁੱਖਾਂ ਅਤੇ ਖ਼ੁਦਾ ਦੇ ਨੇਮਾਂ ਨੂੰ ਤੋੜਨ ਵਾਲੇ ਵੀ ਕਦੀ ਕਦੀ, ਸਹੀ ਹਾਲਤਾ ਵਿਚ ਆਪਣੇ ਪਾਪਾਂ ਦੇ ਅਪਰਾਧ ਦੀ ਭਾਵਨਾ ਤੋਂ ਪਰੇਸ਼ਾਨ ਹੁੰਦੇ ਹਨ। ਅਕਸਰ ਮੈਂ ਜਵਾਨ ਲੋਕਾਂ ਨੂੰ ਸੱਦੇ ਜਾਣ ਤੇ ਰੋਂਦੇ ਹੋਏ ਅੱਗੇ ਆਉਂਦਿਆਂ ਵੇਖਿਆ ਹੈ।

ਉਮਰ ਵਧਣ ਦੇ ਨਾਲ, ਅਸੀਂ ਬੇਪਰਵਾਹ ਹੋਣ ਲਗਦੇ ਹਾਂ, ਸਾਡੇ ਜ਼ਮੀਰ ਦੀ ਸ਼ੰਵੇਦਨਸ਼ੀਲਤਾ ਦਾ ਇਹ ਗੁਣ ਗੁਆਚਣ ਲਗਦਾ ਹੈ। ਅਸੀਂ ਦੁਨੀਆਦਾਰੀ ਵਿਚ ਫਸਣ ਲਗਦੇ ਹਾਂ। ਅਸੀਂ ਤਰਕ ਵਧੀਆ ਢੰਗ ਨਾਲ ਦੇ ਲੈਂਦੇ ਹਾਂ। ਜ਼ਿੰਦਗੀ ਦੇ ਚੰਗੇ ਮਾੜੇ ਵੱਖੋ ਵੱਖ ਖੇਤਰਾਂ ਦੀ ਬਜਾਇ, ਸਾਡੀਆਂ ਅੱਖਾਂ ਵਿਚ ਸਭ ਕੁਝ ਧੁੰਦਲਾ ਹੀ ਵਿਖਾਈ ਦਿੰਦਾ ਹੈ। ਸੰਖੇਪ ਵਿਚ, ਸਾਡਾ ਜ਼ਮੀਰ ਲੋਹੇ ਨਾਲ ਦਾਗਿਆ ਜਾਣ ਕਰਕੇ ਸਖ਼ਤ ਹੋ ਜਾਂਦਾ ਹੈ (1 ਤਿਮੋਥਿਉਸ 4:2)। ਤੁਹਾਨੂੰ ਸ਼ੱਕ ਹੈ? ਉਨ੍ਹਾਂ ਲੋਕਾਂ ਤੇ ਵਿਚਾਰ ਕਰੋ ਜਿਨ੍ਹਾਂ ਪਿਛਲੇ ਸਾਲਾਂ ਦੌਰਾਨ ਆਪਣੇ ਪਾਪਾਂ ਨੂੰ ਮੰਨ ਕੇ ਦੁਆ ਲਈ ਆਖਿਆ ਹੈ। ਉਨ੍ਹਾਂ ਵਿੱਚੋਂ ਕਿੰਨੇ ਲੋਕਾਂ ਦੀ ਉਮਰ ਤੀਹ ਤੋਂ ਘੱਟ ਹੈ, ਅਜੇ ਕਿੰਨੇ ਲੋਕ ਤੀਹ ਤੋਂ ਉੱਪਰ ਦੇ ਹਨ? ਵੱਡੇ ਹੋਣ ਦੇ ਨਾਲ ਸਾਡੇ ਜ਼ਮੀਰ ਨੂੰ ਕੁਝ ਨਾ ਕੁਝ ਹੋ ਸਕਦਾ ਹੈ।

ਦਾਊਦ ਇਹੋ ਜਿਹਾ ਨਹੀਂ ਸੀ। ਉਸ ਦਾ ਜ਼ਮੀਰ ਅਜੇ ਵੀ ਸੰਵੇਦਨਸ਼ੀਲ ਸੀ।

## ਵੱਡੇ ਬੱਚਿਆਂ ਨੂੰ ਆਪਣੇ ਕੰਮਾਂ ਦੇ ਦੂਰਗਾਮੀ ਨਤੀਜਿਆਂ ਦੀ ਸਮਝ ਹੋਣੀ ਜ਼ਰੂਰੀ ਹੈ (2 ਸਮੂਏਲ 24:11-15; 1 ਇਤਿਹਾਸ 21:9-14)

ਤੀਜੀ ਸੱਚਾਈ ਵੱਡੇ ਵਿਅਕਤੀ ਲਈ ਗੰਭੀਰ ਹੈ। ਯਿਸੂ ਨੇ ਜ਼ੋਰ ਦਿੱਤਾ ਕਿ ਚੰਗਾ ਹੋਵੇ ਜਾਂ ਬੁਰਾ ਅਸੀਂ ਸਭ ਇਕ ਦੂਜੇ ਉੱਤੇ ਆਪਣਾ ਪ੍ਰਭਾਵ ਆਉਂਦੇ ਹਾਂ (ਮੱਤੀ 5:3–16)। ਅਸੀਂ ਇਸ ਗੱਲ ਦਾ ਆਪਣੇ ਬੱਚਿਆਂ ਉੱਤੇ ਜ਼ੋਰ ਪਾਉਣ ਦੀ ਕੋਸ਼ਿਸ਼ ਕਰਦੇ ਹਾਂ। ਪੌਲੁਸ ਨੇ ਤਿਮੋਥਿਉਸ ਨੂੰ ਦੱਸਿਆ ਕਿ ਜਵਾਨ ਲੋਕਾਂ ਨੂੰ ਵਧੀਆ ਨਮੂਨਾ ਦਿਓ (1 ਤਿਮੋਥਿਉਸ 4:12)। ਕਿੰਨੇ ਨੌਜਵਾਨਾਂ ਨੇ ਸੋਚਿਆ ਹੋਵੇਗਾ, ''ਇਸ ਨਾਲ ਸਿਰਫ਼ ਸਾਨੂੰ ਹੀ ਫ਼ਰਕ ਪਵੇਗਾ,'' ਪਰ ਅਖ਼ੀਰ ਵਿਚ ਉਸ ਨਾਲ ਮੰਮੀ ਪਾਪਾ ਦਾ ਦਿਲ ਟੁੱਟ ਗਿਆ, ਦੂਜੇ ਲੋਕ ਉਨ੍ਹਾਂ ਤੋਂ ਨਿਰਾਸ਼ ਹੋਏ, ਅਤੇ ਕਈ ਹੋਰ ਜਵਾਨ ਉਹੀ ਪਾਪ ਕਰਨ ਲਗ ਪਏ? ਸਿਰਫ਼ ਜਵਾਨ ਨੂੰ ਹੀ ਇਹ ਪਤਾ ਹੋਣਾ ਜ਼ਰੂਰੀ ਨਹੀਂ ਹੈ। ਸਾਡੇ ਵਿੱਚੋਂ ਜਿਹੜੇ ਲੋਕ ਬਜ਼ੁਰਗ ਹਨ ਉਨ੍ਹਾਂ ਲਈ ਵੀ ਇਸ ਗੰਭੀਰ ਸੱਚਾਈ ਨੂੰ ਮੰਨਣਾ ਜ਼ਰੂਰੀ ਹੈ ਕਿ ਆਮ ਤੌਰ ਤੇ, ਜਿੰਨੀ ਸਾਡੀ ਉਮਰ ਹੋਵੇਗੀ ਓਨਾਂ ਹੀ ਸਾਡੇ ਖ਼ੁਦਾ ਤੋਂ ਦੂਰ ਹੋਣ ਤੇ ਲੋਕਾਂ ਨੂੰ ਵੱਧ ਦੁੱਖ ਹੋਵੇਗਾ। 2 ਸਮੂਏਲ 24:13 ਅਤੇ ਅਗਲੀਆਂ ਆਇਤਾਂ ਵਿਚ ਦਾਊਦ ਦੇ ਪਾਪ ਦੀ ਇਸ ਸੂਚੀ ਨਾਲੋਂ ਵਧੀਆ ਉਦਾਹਰਣ ਨਹੀਂ ਹੈ।

ਸਾਡੀ ਕਹਾਣੀ ਵਿਚ ਦਾਊਦ ਨੇ ਆਪਣੇ ਪਾਪ ਨੂੰ ਮੰਨਿਆ ਅਤੇ ਖ਼ੁਦਾ ਤੋਂ ਮਾਫ਼ੀ ਮੰਗੀ। ਇਹ ਬਹੁਤ ਚੰਗਾ ਹੈ, ਪਰ ਜਿਵੇਂ ਕਿ ਅਸੀਂ ਦਾਊਦ ਦੀ ਜ਼ਿੰਦਗੀ ਦਾ ਅਧਿਐਨ ਬੜੀ ਬਰੀਕੀ ਨਾਲ ਕੀਤਾ ਹੈ, ਪਾਪ ਦਾ ਦੋਸ਼ ਮਿਟ ਜਾਣ ਦੇ ਬਾਵਜੂਦ, ਪਾਪ ਦੇ ਨਤੀਜੇ ਨਹੀਂ ਮਿਟਦੇ। ''ਮਨੁੱਖ ਜੋ ਕੁਝ ਬੀਜਦਾ ਹੈ, ਉਹੀ ਵੱਢੇਗਾ''–ਮਾਫ਼ੀ ਮਿਲਣ ਦੇ ਬਾਵਜੂਦ।

ਮੈਂ ਟੈਕਸਸ ਜਾਣ ਲਈ ਇਕ ਉਦਾਹਰਣ ਵੇਖਿਆ ਸੀ। ਹਾਈ ਸਕੂਲ ਦੇ ਵਿਦਿਆਰਥੀਆਂ ਦੇ

ਇਕ ਗੁੱਟ ਦੀ ਇਕ ਘਟਨਾ ਖ਼ਬਰ ਬਣ ਗਈ ਜਿਨ੍ਹਾਂ ਆਪਣੇ ਸੀਨੀਅਰ ਟਰਿਪ ਦੌਰਾਨ ਸ਼ਰਾਬ ਪੀਤੀ ਸੀ। ਆਪਣੀ ਗਲਤੀ ਮੰਨ ਲੈਣ ਦੇ ਬਾਅਦ, ਉਨ੍ਹਾਂ ਨੂੰ ਆਪਣੇ ਸੀਨੀਅਰ ਸਾਲ ਵਿਚ ਕੁਝ ਹਫ਼ਤਿਆਂ ਲਈ ਵੱਖਰਾ ਪੜ੍ਹਨ ਨੂੰ ਕਿਹਾ ਗਿਆ। ਲੋਕ ਰੌਲਾ ਪਾਉਣ ਲੱਗੇ: ''ਉਨ੍ਹਾਂ ਨੇ ਆਪਣੀ ਗਲਤੀ ਮੰਨ ਲਈ ਹੈ; ਇਸ ਕਰਕੇ ਉਨ੍ਹਾਂ ਨੂੰ ਮਾਫ਼ ਕੀਤਾ ਜਾਵੇ। ਉਨ੍ਹਾਂ ਨੂੰ ਕੋਈ ਸਜ਼ਾ ਨਹੀਂ ਮਿਲਣੀ ਚਾਹੀਦੀ!'' ਹਾਂ ਵਿਦਿਆਰਥੀਆਂ ਨੇ ਗਲਤੀ ਮੰਨਣ ਨਾਲ ਨਤੀਜੇ ਨਹੀਂ ਮਿਟਾਏ ਜਾ ਸਕਦੇ।

ਸਾਨੂੰ ਇਸ ਸੱਚਾਈ ਨੂੰ ਸਮਝਣ ਦੀ ਲੋੜ ਹੈ! ਇਕ ਪੈੱਗ, ਅਹਾਤੇ ਵਿਚ ਤੀਹ ਮਿੰਟ ਦਾ ਸਮਾਂ ਅਤੇ ਨਤੀਜੇ ਉਮਰ ਭਰ ਦੇ!

ਬਹੁਤ ਸਾਰੇ ਲੋਕਾਂ ਨੂੰ ਲਗਦਾ ਕਿ ਪਾਪ ਕਿਸੇ ਵੱਡੀ ਦੁਕਾਨ ਤੋਂ ਦੂਜੇ ਡੱਬੇ ਨੂੰ ਹਿਲਾਏ ਬਿਨਾਂ ਇਕ ਡੱਬਾ ਚੁੱਕਣ ਦੇ ਬਰਾਬਰ ਹੈ। ਇਸ ਦੀ ਥਾਂ, ਡੱਬੇ ਦੇ ਬਹੁਤ ਵੱਡੇ ਢੇਰ ਦੀ ਕਲਪਨਾ ਕਰੋ। ਫਿਰ ਉਸ ਢੇਰ ਵਿੱਚੋਂ ਹੋਰ ਇਕ ਡੱਬਾ ਚੁੱਕ ਕੇ ਉਸ ਪੂਰੇ ਢੇਰ ਦੇ ਢਹਿ ਜਾਣ ਨੂੰ ਵੇਖਣ ਦੀ ਕਲਪਨਾ ਕਰੋ। ਪਾਪ ਦੇ ਨਤੀਜੇ ਅਜਿਹੇ ਹੀ ਹਨ!

ਆਓ ਆਪਣੀ ਕਹਾਣੀ ਵਿਚ ਚੱਲ ਕੇ 2 ਸਮੂਏਲ 24 ਵਿਚ ਦੱਸੀ ਇਸ ਸੱਚਾਈ ਨੂੰ ਵੇਖਦੇ ਹਾਂ। ਖ਼ੁਦਾ ਨੇ ਅੱਧੀ ਰਾਤ ਨੂੰ ਦਾਊਦ ਵੱਲੋਂ ਆਪਣੇ ਪਾਪ ਨੂੰ ਮੰਨ ਲੈਣ ਦੀ ਗੱਲ ਸੁਣੀ। ਅਗਲੀ ਸਵੇਰ ਖ਼ੁਦਾ ਨੇ ਉਹਦੇ ਕੋਲ ਗਾਦ ਨੂੰ ਭੇਜਿਆ (ਆਇਤਾਂ 11, 12) । ਤੁਹਾਨੂੰ ਯਾਦ ਹੋਵੇਗਾ ਕਿ ਖ਼ੁਦਾ ਨੇ ਚਾਲੀ ਸਾਲ ਪਹਿਲਾਂ ਉਜਾੜ ਵਿਚ ਦਾਊਦ ਕੋਲ ਗਾਦ ਨੂੰ ਭੇਜਿਆ ਸੀ, ਅਤੇ ਉਹ ਉਸ ਦਾ ਰੂਹਾਨੀ ਸਲਾਹਕਾਰ ਬਣਿਆ ਸੀ (1 ਸਮੂਏਲ 22:5)। ਬੁੱਢਾ ਹੋਣ ਦੇ ਬਾਜਵੂਦ ਗਾਦ ਬਾਦਸ਼ਾਹ ਲਈ ਖ਼ੁਦਾ ਦਾ ਇਕ ਸਲਾਹਕਾਰ ਰਿਹਾ (1 ਇਤਿਹਾਸ 29:29; 2 ਇਤਿਹਾਸ 29:25)।

ਖ਼ੁਦਾ ਤੋਂ ਹਦਾਇਤ ਲੈ ਕੇ ਗਾਦ ਜਦ ਦਾਊਦ ਕੋਲ ਆਇਆ ਤਾਂ ਉਹ ਪ੍ਰੇਮ ਕਰਨ ਵਾਲੇ ਮਾਤਾ ਪਿਤਾ ਰਾਹੀਂ ਆਪਣੇ ਬੱਚਿਆਂ ਨੂੰ ਤਾੜਨਾ ਕਰਨ ਵਾਲੇ ਦੇ ਰੂਪ ਵਿਚ ਆਇਆ। ਉਹ ਦਾਊਦ ਦੀ ਅਤੇ ਕੌਮ ਦੀ ਭਲਾਈ ਵਾਸਤੇ ਆਇਆ। ਦਾਊਦ ਨੂੰ ਉਸ ਦੇ ਕਹਿਣ ਤੋਂ ਭਾਵ ਸੀ ਕਿ ''ਦਵਾਈ ਲੈ ਲੈ। ਸਬਕ ਸਿੱਖ ਲੈ ਅਤੇ ਕੰਮ ਤੇ ਲਗ ਜਾਹ।'' ਜਿਵੇਂ ਕਿ ਅਸੀਂ ਜ਼ੋਰ ਦਿੱਤਾ ਹੈ ਕਿ ਖ਼ੁਦਾ ਆਪਣੇ ਬੱਚਿਆਂ ਦੀ ਤਾੜਨਾ ਜ਼ਰੂਰ ਕਰਦਾ ਹੈ (ਇਬਰਾਨੀਆਂ 12:4-13)।

ਇਸ ਹਾਲਾਤ ਦੀ ਅਨੋਖੀ ਗੱਲ ਇਹ ਹੈ ਕਿ ਦਾਊਦ ਨੂੰ ਉਹ ਡੰਡਾ ਪਸੰਦ ਕਰਨ ਦੀ ਛੂਟ ਦਿੱਤੀ ਗਈ ਸੀ ਜਿਸ ਨਾਲ ਉਸ ਦੀ ਕੁਟਾਈ ਹੋਣੀ ਸੀ। ਗਾਦ ਨੇ ਦਾਊਦ ਨੂੰ ਦੱਸਿਆ, ''ਯਹੋਵਾਹ ਇੰਜ ਆਖਦਾ ਹੈ, ਕਿ ਮੈਂ ਤੈਨੂੰ ਤਿੰਨ ਬਿਪਤਾ ਵਿਖਾਉਂਦਾ ਹਾਂ; ਉਨ੍ਹਾਂ ਵਿੱਚੋਂ ਇਕ ਨੂੰ ਚੁਣ ਲੈ, ਕਿ ਮੈਂ ਉਸ ਨੂੰ ਤੇਰੇ ਉੱਤੇ ਪਾਵਾਂ'' (2 ਸਮੂਏਲ 24:12)। ਜਦ ਤੁਸੀਂ ਬੱਚੇ ਸੀ, ਤਾਂ ਤੁਹਾਨੂੰ ਮਾਸਟਰ ਨੇ ਤਾੜਨਾ ਲਈ ਪਸੰਦ ਚੁਣਨ ਨੂੰ ਕਿਹਾ ਹੋਵੇਗਾ: ''ਹਫ਼ਤਾ ਭਰ ਛੁੱਟੀ ਹੋਣ ਦੇ ਬਾਅਦ ਇਕ ਘੰਟਾ ਸਕੂਲ ਵਿਚ ਰੁਕਣਾ ... ਜਾਂ ਨੱਕ ਨਾਲ ਦਸ ਲਕੀਰਾਂ ਕੱਢਣਾ।'' ਦਾਊਦ ਨੂੰ ਇਹ ਪਸੰਦਾਂ ਦਿੱਤੀਆਂ ਗਈਆਂ ਸਨ।

> ਯਹੋਵਾਹ ਦੀ ਇਹ ਆਗਿਆ ਹੈ ਜੋ ਤੂੰ ਇਨ੍ਹਾਂ ਵਿੱਚੋਂ ਇਕ ਚੁਣ ਲੈ। ਯਾ ਤਿੰਨਾਂ ਵਰ੍ਹਿਆਂ ਦਾ ਅੰਨ ਕਾਲ ਹੋਵੇ ਯਾ ਤੂੰ ਆਪਣੇ ਵੈਰੀਆਂ ਦੇ ਸਾਹਮਣੇ ਤਿੰਨਾਂ ਮਹੀਨਿਆਂ ਤੋੜੀ ਨਾਸ ਹੁੰਦਾ ਜਾਵੇਂ ਜਦੋਂ ਤੇਰੇ ਵੈਰੀਆਂ ਦੀ ਤਲਵਾਰ ਤੇਰੇ ਉੱਤੇ ਆ ਪਵੇ ਯਾ ਤਿੰਨ ਦਿਨਾਂ ਤਕ ਯਹੋਵਾਹ ਦੀ ਤਲਵਾਰ, ਅਰਥਾਤ ਮਹਾਂ ਮਰੀ ਦੇਸ਼ ਵਿਚ ਹੋਵੇ ਅਤੇ ਯਹੋਵਾਹ ਦਾ ਦੂਤ ਇਸਰਾਏਲ ਦੀ ਸਾਰੀ ਧਰਤੀ ਵਿਚ ਨਸ਼ਟ ਕਰਦਾ ਫਿਰੇ ... (1 ਇਤਿਹਾਸ 21:11, 12)।

ਇਨ੍ਹਾਂ ਤਿੰਨ ਸਜ਼ਾਵਾਂ ਵਿੱਚੋਂ ਇਕ ਆਮ ਹੈ। ਸਭ ਨੇ ਦਾਊਦ ਦੇ ਪਾਪ ਵਾਲੇ ਮਨ ਉੱਤੇ ਸੱਟ ਮਾਰਨੀ ਸੀ। ਸਭ ਨੇ ਲੜਾਈ ਵਿਚ ਜਾਣ ਵਾਲੀ ਉਮਰ ਵਾਲੇ ਆਦਮੀਆਂ ਦੀ ਗਿਣਤੀ ਕਰਨੀ ਸੀ।

''ਦਾਊਦ ਨੇ ਗਾਦ ਨੂੰ ਆਖਿਆ, ਮੈਂ ਵੱਡੇ ਪੁਆੜੇ ਵਿਚ ਫਾਥਾ ਹੋਇਆ ਹਾਂ'' (2 ਸਮੂਏਲ

24:14)। ਦਾਊਦ ਦੇ ਪਾਪ ਦੇ ਕਾਰਣ, ਬਹੁਤ ਸਾਰੇ ਲੋਕਾਂ ਦੀ ਜਾਨ ਜਾਣ ਵਾਲੀ ਸੀ। ਇਹ ਖਾਣ ਲਈ ਵੱਡੀ ਸਾਰੀ ਕੌੜੀ ਗੋਲੀ ਸੀ।

ਦਾਊਦ ਨੇ ਕਾਲ ਨੂੰ ਚੁਣ ਲਿਆ, ਸ਼ਾਇਦ ਉਸ ਨੇ ਇਹ ਪਸੰਦ ਇਸ ਲਈ ਚੁਣੀ ਕਿਉਂਕਿ ਇਸੇ ਖ਼ਤਰੇ ਵਿਚ ਉਹ ਦੂਜਿਆਂ ਦੇ ਨਾਲ ਹੋ ਸਕਦਾ ਸੀ। ਬਾਈਬਲ ਉਸ ਦੇ ਇਸ ਫ਼ੈਸਲੇ ਦਾ ਕਾਰਣ ਦੱਸਦੀ ਹੈ: ''ਹੁਣ ਅਸੀਂ ਯਹੋਵਾਹ ਦੇ ਹੱਥ ਵਿਚ ਪਈਏ, ਕਿਉਂ ਜੋ ਉਹ ਦੀ ਵੱਡੀ ਕਿਰਪਾ ਹੈ; ਪਰ ਮਨੁੱਖ ਦੇ ਹੱਥ ਵਿਚ ਨਾ ਪਈਏ'' (2 ਸਮੂਏਲ 24:14)। ਜੇ ਤੁਹਾਨੂੰ ਕਦੇ ਮਨੁੱਖਾਂ ਜਾਂ ਖ਼ੁਦਾ ਦੇ ਹੱਥਾਂ ਵਿਚ ਪੈਣ ਵਿੱਚੋਂ ਕਿਸੇ ਇਕ ਨੂੰ ਚੁਣਨਾ ਹੋਵੇ ਤਾਂ ਖ਼ੁਦਾ ਨੂੰ ਹੀ ਚੁਣੋ। ਖ਼ੁਦਾ ਧਰਮੀ ਹੈ; ਖ਼ੁਦਾ ਜੋ ਕੁਝ ਵੀ ਕਰਦਾ ਹੈ ਉਹ ਸਾਡੀ ਭਲਾਈ ਲਈ ਹੁੰਦਾ ਹੈ; ਅਤੇ ਇਸ ਦੇ ਬਾਅਦ ਖ਼ੁਦਾ ਮਾਫ਼ ਕਰ ਦਿੰਦਾ ਹੈ। ਦੂਜੇ ਪਾਸੇ ਮਨੁੱਖ ਸਖ਼ਤ ਹਨ। ਮਨੁੱਖ ਉਹੀ ਕਰਦਾ ਹੈ ਜੋ ਉਸ ਨੂੰ ਚੰਗਾ ਲਗਦਾ ਹੈ ਅਤੇ ਉਹ ਸਦਾ ਲਈ ਈਰਖਾ ਰੱਖ ਸਕਦਾ ਹੈ।

''ਸੋ ਯਹੋਵਾਹ ਇਸਰਾਏਲ ਦੇ ਉੱਤੇ ਮਰੀ ਘੱਲੀ ਜਿਹੜੀ ਉਸ ਸਵੇਰ ਤੋਂ ਠਹਿਰਾਏ ਹੋਏ ਵੇਲੇ ਤਕ ਪਈ ਰਹੀ ਅਤੇ ਦਾਨ ਤੋਂ ਲੈ ਕੇ ਬਏਰਸਬਾ ਤਕ ਲੋਕਾਂ ਵਿੱਚੋਂ ਸੱਤਰ ਹਜ਼ਾਰ ਮਨੁੱਖ ਮਾਰੇ ਗਏ'' (2 ਸਮੂਏਲ 24:15)। ''ਦਾਨ ਤੋਂ ਲੈ ਕੇ ਬਏਰਸਬਾ ਤਕ'' ਦੇ ਇਲਾਕਾ ਦੀ ਹੀ ਮਰਦਮਸ਼ੁਮਾਰੀ ਕੀਤੀ ਗਈ ਸੀ (2 ਸਮੂਏਲ 24:2)। ਮੈਂ ਕਲਪਨਾ ਵੀ ਨਹੀਂ ਕਰ ਸਕਦਾ ਕਿ ਉਹ ਮਰੀ ਕਿਹੋ ਜਿਹੀ ਹੋਵੇਗੀ ਜਿਸ ਵਿਚ ਏਨੀ ਛੇਤੀ ਏਨੇ ਲੋਕ ਮਰ ਗਏ,ਪਰ ਫੌਰੀ ਮੌਤ ਨਾਲ ਪੂਰਾ ਦੇਸ਼ ਡੈਂਬਰ ਗਿਆ। ਖ਼ਬਰਾਂ ਆਉਣ ਤੇ ਤੁਸੀਂ ਦਾਊਦ ਦੇ ਮਨ ਦੀ ਤਕਲੀਫ਼ ਦੀ ਕਲਪਨਾ ਨਹੀਂ ਕਰ ਸਕਦੇ? ''ਸੱਤਰ ਹਜ਼ਾਰ ਪੁਰਖ ਮਰ ਗਏ'' ਕੋਈ ਔਰਤ ਨਹੀਂ ਸਿਰਫ਼ ਆਦਮੀ। ਇਹ ਲੋਕ ਜੰਗ ਵਿਚ ਜਾਣ ਦੀ ਉਮਰ ਦੇ ਹੀ ਹੋਣਗੇ, ਜਿੰਨ੍ਹਾਂ ਉੱਤੇ ਦਾਊਦ ਨੂੰ ਏਨਾ ਮਾਣ ਸੀ।

ਇਹ ਇਕ ਆਦਮੀ ਦੇ ਪਾਪ ਦੇ ਦੂਰਗਾਮੀ ਨਤੀਜੇ ਦੀ ਦਿਮਾਗ ਚਕਰਾ ਦੇਣ ਵਾਲਾ ਮਿਸਾਲ ਹੈ।

ਹਾਂ, ਵੱਡੇ ਲੋਕ ਪਾਪ ਕਰ ਸਕਦੇ ਹਨ। ਕੁਝ ਲੋਕ ਅਧੇੜ ਉਮਰ ਵਿਚ ਸਠਿਆ ਜਾਂਦੇ ਹਨ। ਕੁਝ ਜਾਣ ਬੁੱਝ ਕੇ ਝੱਲ ਖਲਾਰਦੇ ਹਨ। ਖ਼ੁਦਾ ਸਾਡੀ ਮਦਦ ਕਰੇ ਕਿ ਅਸੀਂ ਗੈਰਜ਼ਿੰਮੇਵਾਰੀ ਨਾਲ ਕੰਮ ਕਰ ਕੇ ਦੂਜਿਆਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਨ ਦੇ ਨਤੀਜਿਆਂ ਨੂੰ ਵੇਖ ਸਕੀਏ। ਹੋ ਸਕਦਾ ਹੈ ਕਿ ਸੱਤਰ ਹਜ਼ਾਰ ਲੋਕ ਨਾ ਮਰਨ, ਪਰ ਅਸੀਂ ਪ੍ਰੇਮ ਨੂੰ ਮਾਰ ਕਸਦੇ ਹਾਂ, ਦਿਲ ਤੋੜ ਸਕਦੇ ਹਾਂ, ਵਿਸ਼ਵਾਸ ਦਾ ਨਾਸ ਕਰ ਸਕਦੇ ਹਾਂ, ਵਿਸ਼ਵਾਸੀਆਂ ਨੂੰ ਭਰਮ ਵਿਚ ਪਾ ਸਕਦੇ ਹਾਂ ਅਤੇ ਗੁਆਚਿਆਂ ਹੋਇਆਂ ਨੂੰ ਖ਼ੁਦਾ ਵੱਲੋਂ ਮੋੜ ਕੇ ਉਨ੍ਹਾਂ ਦੀ ਬਰਬਾਦੀ ਦਾ ਕਾਰਣ ਬਣ ਸਕਦੇ ਹਾਂ।

ਵੱਡੇ ਬੱਚਿਆਂ ਲਈ ਆਪਣੇ ਹਰ ਕੰਮ ਦੇ ਦੂਰਗਾਮੀ ਨਤੀਜੇ ਦਾ ਅਹਿਸਾਸ ਹੋਣਾ ਜ਼ਰੂਰੀ ਹੈ।

## ਵੱਡੇ ਬੱਚਿਆਂ ਨੂੰ ਆਪਣੇ ਕੰਮ ਦੀ ਪੂਰੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ (2 ਸਮੂਏਲ 24:16, 17; 1 ਇਤਿਹਾਸ 21:15-17)

ਅਨਾੜੀ ਲੋਕ ਆਪਣੇ ਨਾਲ ਹੋਈ ਕਿਸੇ ਗੱਲ ਲਈ ਦੂਜਿਆਂ ਉੱਤੇ ਦੋਸ਼ ਲਗਾਉਣਾ ਚਾਹੁੰਦੇ ਹਨ: ''ਕਿਸੇ ਨੇ ਮੈਨੂੰ ਡੇਗ ਦਿੱਤਾ। ਕਿਸੇ ਨੇ ਮੈਨੂੰ ਨਾਕਾਮ ਬਣਾ ਦਿੱਤਾ। ਜੇ ਇਹ, ਜਾਂ ਉਹ ਹੋ ਜਾਂਦਾ, ਤਾਂ ਮੈਂ ਇਸ ਮੁਸ਼ਕਿਲ ਵਿਚ ਨਾ ਪੈਂਦਾ।'' ਦੂਜੇ ਪਾਸੇ ਪਰਿਪੱਕ ਲੋਕ ਭਾਵ ਉਹ ਜਿਹੜੇ ਸਚਮੁਚ ਵੱਡੇ ਹੋ ਗਏ ਹਨ, ਕਹਿ ਸਕਦੇ ਹਨ, ''ਗਲਤੀ ਮੇਰੀ ਹੀ ਸੀ।''

ਆਓ ਕਹਾਣੀ ਦੇ ਅੰਦਰ ਚਲਦੇ ਹਾਂ।

> ਜਦ ਦੂਤ ਨੇ ਯਰੂਸ਼ਲਮ ਦੇ ਨਾਸ ਕਰਨ ਨੂੰ ਆਪਣਾ ਹੱਥ ਪਸਾਰਿਆ ਤਾਂ ਯਹੋਵਾਹ ਬੁਰਿਆਈ ਕਰਨੋਂ ਹਟ ਗਿਆ ਅਤੇ ਉਸ ਦੂਤ ਨੂੰ ਜੋ ਲੋਕਾਂ ਨੂੰ ਮਾਰਦਾ ਸੀ ਆਖਿਆ, ਬੱਸ ਬਹੁਤ ਹੋ

ਚੁਕੀ ਹੈ, ਹੁਣ ਆਪਣਾ ਹੱਥ ਢਿੱਲਾ ਕਰ। ਉਸ ਵੇਲੇ ਯਹੋਵਾਹ ਦਾ ਦੂਤ ਯਬੂਸੀ ਅਰਵਨਾਹ ਦੇ ਖਲਵਾੜੇ ਕੋਲ ਖਲੋਤਾ ਸੀ (2 ਸਮੂਏਲ 24:16)।

ਮੂਲ ਲਿਖਤ ਵਿਚ ਸਜ਼ਾ ਦੇਣ ਤੋਂ ''ਯਹੋਵਾਹ ਪਛਤਾਇਆ।'' ''ਪਛਤਾਉਣਾ'' ਤੋਂ ਭਾਵ ''ਮਨ ਬਦਲਣਾ'' ਹੈ। ਖ਼ੁਦਾ ਦਾ ''ਪਛਤਾਉਣਾ'' (ਮਨ ਬਦਲਣਾ) ਹਮੇਸ਼ਾ ਮਨੁੱਖ ਦੇ ਪਛਤਾਵੇ ਤੇ ਨਿਰਭਰ ਕਰਦਾ ਹੈ। 1 ਇਤਿਹਾਸ 21:16 ਤੇ ਧਿਆਨ ਦਿਓ: ਦਾਊਦ ਅਤੇ ਲੋਕਾਂ ਦੇ ਬਜ਼ੁਰਗਾਂ ਨੇ ''ਟਾਟ ਪਹਿਨੇ'' ਜੋ ਪਛਤਾਵੇ ਦਾ ਸੰਕੇਤ ਸਨ।

''ਜਾਂ ਦਾਊਣ ਨੇ ਲੋਕਾਂ ਨੂੰ ਮਾਰਨ ਵਾਲੇ ਦੂਤ ਡਿੱਠਾ, ਤਾਂ ਯਹੋਵਾਹ ਨੂੰ ਕਿਹਾ'' (2 ਸਮੂਏਲ 24:17)। 1 ਇਤਿਹਾਸ 21:16 ਆਖਦਾ ਹੈ ਕਿ ਦਾਊਦ ਨੇ ਕਿਹਾ, ''ਵੇਖ ਪਾਪ ਤਾਂ ਮੈਂ ਕੀਤਾ, ਅਤੇ ਬੁਰਿਆਈ ਵੀ ਮੇਰੇ ਕੋਲੋਂ ਹੋਈ ਪਰ ਇਨ੍ਹਾਂ ਭੇਡਾਂ ਦਾ ਕੀ ਦੋਸ਼ ਹੈ? ਸੋ ਮੇਰੇ ਉੱਤੇ ਅਤੇ ਮੇਰੇ ਪਿਓ ਦੇ ਘਰਾਣੇ ਓੱਤੇ ਆਪਣਾ ਹੱਥ ਚਲਾ'' (2 ਸਮੂਏਲ 24:17)। ਇਹ ਇਕਰਾਰ ਆਇਤ 10 ਵਾਲੇ ਇਕਰਾਰ ਨਾਲ ਮੇਲ ਖਾਂਦਾ ਹੈ। ਦਾਊਦ ਨੇ ਕਿਹਾ, ''ਕਸੂਰ ਤਾਂ ਮੇਰਾ ਹੈ।'' ''ਭੇਡਾਂ'' ਦਾਊਦ ਦੀ ਪਰਜਾ ਨੂੰ ਭਾਵ ਉਨ੍ਹਾਂ ਨੂੰ ਕਿਹਾ ਗਿਆ ਹੈ ਜਿਨ੍ਹਾਂ ਦੀ ਜ਼ਿੰਮੇਵਾਰੀ ਉਹਦੇ ਉੱਤੇ ਸੀ। ਉਸ ਦਾ ਮਤਲਬ ਇਹ ਨਹੀਂ ਸੀ ਕਿ ਲੋਕ ਸਿੱਧ ਹਨ। 2 ਸਮੂਏਲ 24:1 ਤੇ ਨਜ਼ਰ ਮਾਰੋ।[4] ਲੋਕਾਂ ਖ਼ੁਦਾ ਦਾ ਕ੍ਰੋਧ ਭੜਕਾਇਆ ਸੀ।[4] ਸਾਫ਼ ਤੌਰ ਤੇ ਆਫ਼ਤ ਦਾਊਦ ਲਈ ਹੀ ਨਹੀਂ ਬਲਕਿ ਪੂਰੇ ਦੇਸ਼ ਨੂੰ ਸਜ਼ਾ ਸੀ। ਦਾਊਦ ਦੇ ਕਹਿਣ ਤੋਂ ਭਾਵ ਸਿਰਫ਼ ਇਹ ਸੀ ਕਿ ਉਸ ਖਾਸ ਪਾਪ ਦੇ ਜ਼ਿੰਮੇਵਾਰ ਲੋਕ ਨਹੀਂ ਸਨ, ਜਿਸ ਕਰਕੇ ਮਰੀ ਪਈ।

ਅੱਜ ਵਾਂਗ ਉਸ ਵਕਤ ਵੀ ਲੀਡਰਾਂ ਨੂੰ ਬਚਾਉਣ ਲਈ ਇਲਜ਼ਾਮ ਆਪਣੇ ਉੱਤੇ ਲੈਣ ਵਾਲੇ ''ਬਲੀ ਦੇ ਬੱਕਰੇ'' ਹੁੰਦੇ ਸਨ। ਪਰ ਦਾਊਦ ਨੇ ਕਿਸੇ ਸ਼ਾਹੀ ਵਿਸ਼ੇਸ਼ ਅਧਿਕਾਰ ਦੀ ਵਰਤੋਂ ਨਹੀਂ ਕੀਤੀ। ਉਸ ਨੇ ਆਪਣੇ ਸਲਾਹਕਾਰਾਂ ਉੱਤੇ ਇਲਜ਼ਾਮ ਨਹੀਂ ਲਾਇਆ। ਉਹ ਨੇ ਸ਼ੈਤਾਨ ਉੱਤੇ ਇਲਜ਼ਾਮ ਨਹੀਂ ਲਾਇਆ (''ਸ਼ੈਤਾਨ ਨੇ ਮੈਥੋਂ ਕਰਵਾਇਆ'')। ਉਸ ਨੇ ਖ਼ੁਦਾ ਉੱਤੇ ਇਲਜ਼ਾਮ ਨਹੀਂ ਲਾਇਆ (''ਆਖ਼ਰ, ਤੂੰ ਸ਼ੈਤਾਨ ਤੋਂ ਮੇਰੀ ਅਜ਼ਮਾਇਸ਼ *ਕਰਵਾਈ*'')। ਆਇਤ 10 ਵਾਂਗ ਉਸ ਨੇ ਫੇਰ ਇਹੀ ਕਿਹਾ, ''ਮੈਂ ... ਪਾਪ ਕੀਤਾ ਹੈ।''

ਇਹਦੇ ਨਾਲੋਂ ਔਖਾ ਕੰਮ ਹੋਰ ਨਹੀਂ ਹੈ। ਇਹ ਕਹਿਣਾ ਮੁਸ਼ਕਿਲ ਹੈ ਕਿ ''ਮੈਂ ਹੀ ਕੀਤਾ ਹੈ। ਮੈਂ ਏਨਾ ਵੱਡਾ ਹੋ ਗਿਆ ਹਾਂ ਕਿ ਮੈਨੂੰ ਪਤਾ ਹੈ ਕਿ ਸਹੀ ਕੀ ਹੈ। ਮੈਂ ਖ਼ੁਦਾ ਦਾ ਵਚਨ ਪੜ੍ਹਿਆ ਹੈ। ਮੈਨੂੰ ਪਤਾ ਹੈ ਕਿ ਕੀ ਸਹੀ ਕੀ ਹੈ ਅਤੇ ਗਲਤ ਕੀ। ਮੈਂ ਕਿਸੇ ਹੋਰ ਨੂੰ ਦੋਸ਼ੀ ਨਹੀਂ ਠਹਿਰਾ ਸਕਦਾ ਸੀ। ਮੈਂ ਪਾਪ ਨਹੀਂ ਸਗੋਂ ਮਹਾਪਾਪ ਕੀਤਾ ਹੈ। ਮੈਂ ਮੂਰਖਤਾ ਕੀਤੀ ਹੈ।'' ਅਜਿਹੇ ਵੱਡੇ ਬੱਚਿਆਂ ਦੀ ਜਿਹੜੇ ਆਪਣੇ ਕੰਮਾਂ ਨੂੰ ਪੂਰੀ ਜ਼ਿੰਮੇਵਾਰੀ ਨਾਲ ਕਰਦੇ ਦੋਣ, ਸਾਨੂੰ ਕਿੰਨੀ ਲੋੜ ਹੈ!

## ਸਚਮੁਚ ਵੱਡੇ ਹੋਏ ਬੱਚੇ ਨਾਕਾਮ ਹੋਣ ਤੇ ਵੀ ਪਿੱਛੇ ਨਹੀਂ ਜਾਂਦੇ (2 ਸਮੂਏਲ 24:18, 19; 1 ਇਤਿਹਾਸ 21:18, 19)

ਪੰਜਵੀਂ ਸੱਚਾਈ ਪਿਛਲੀ ਭਾਵ ਚੌਥੀ ਦੇ ਨਾਲ ਜੁੜੀ ਹੈ ਕਿ ਵੱਡੇ ਬੱਚੇ ਲੋਕ ਨਾਕਾਮ ਹੋਣ ਤੇ ਹਿੰਮਤ ਨਹੀਂ ਹਾਰਦੇ।

ਇਕ ਪਲ ਲਈ ਆਪਣੇ ਆਪ ਨੂੰ ਉਸ ਬਜ਼ੁਰਗ ਬਾਦਸ਼ਾਹ ਦੀ ਥਾਂ ਰੱਖੋ ਅਤੇ ਆਪਣੇ ਆਪ ਤੋਂ ਪੁੱਛੋ ਕਿ ਤੁਹਾਨੂੰ ਕਿਵੇਂ ਲੱਗਿਆ ਹੋਵੇਗਾ। ਤੁਸੀਂ ਖ਼ੁਦਾ ਦੀ ਸੇਵਾ ਕਰਨ ਦੀ ਕੋਸ਼ਿਸ਼ ਵਿਚ ਪੂਰੀ ਉਮਰ ਗੁਜ਼ਾਰ ਦਿੱਤੀ ਹੈ। ਇਕ ਵਕਤ ਤੁਸੀਂ ਭਿਅੰਕਰ ਪਾਪ ਕੀਤਾ ਸੀ ਅਤੇ ਬੜੀ ਡੂੰਘੀ ਚੋਟ ਖਾਧੀ ਸੀ, ਪਰ ਉਦੋਂ ਤੋਂ, ਤੁਸੀਂ ਅਜਿਹਾ ਹੀ ਬਣਨ ਦੀ ਕੋਸ਼ਿਸ਼ ਕਰ ਰਹੇ ਹੋ ਜਿਵੇਂ ਖ਼ੁਦਾ ਤੁਹਾਥੋਂ ਚਾਹੁੰਦਾ

ਹੈ। ਹੁਣ ਤੁਸੀਂ ਇਕ ਹੋਰ ਵੱਡਾ ਪਾਪ ਕੀਤਾ ਹੈ। ਜਿਸ ਦੇ ਨਤੀਜੇ ਵਜੋਂ, ਤੁਹਾਡੀ ਪਰਜਾ ਦੇ ਸੱਤਰ ਹਜ਼ਾਰ ਲੋਕ ਮਾਰੇ ਗਏ ਹਨ। ਮਾਵਾਂ, ਪਿਤਾ, ਪਤਨੀਆਂ, ਅਤੇ ਬੱਚੇ ਵਿਲਕ ਰਹੇ ਹਨ। ਸੱਤਰ ਹਜ਼ਾਰ ਲੋਕਾਂ ਲਈ ਕਬਰਾਂ ਖੋਦੀਆਂ ਜਾ ਰਹੀਆਂ ਹਨ। ਪੂਰਾ ਦੇਸ਼ ਸੋਗ ਵਿਚ ਹੈ। ਕੀ ਤੁਹਾਨੂੰ ਲਗਦਾ ਹੈ ਕਿ ਤੁਸੀਂ ਛੱਡ ਕੇ ਚਲੇ ਜਾਓਗੇ? ਤੁਸੀਂ ਕੀ ਸੋਚਦੇ ਹੋ, ''ਕੀ ਫ਼ਾਇਦਾ ਹੈ? ਮੈਂ ਕਿਸੇ ਕੰਮ ਦਾ ਨਹੀਂ। ਮੈਂ ਪਾਪੀ ਹਾਂ। ਮੈਂ ਇਕ ਅਹੁਦਾ ਛੱਡ ਦਿਆਂਗਾ।''

ਅਨਾੜੀ ਲੋਕ ਇਵੇਂ ਹੀ ਕਰਦੇ ਹਨ। ਜਦ ਉਹ ਨਾਕਾਮ ਹੋ ਜਾਂਦੇ ਹਨ, ਤਾਂ ਛੱਡ ਕੇ ਚਲੇ ਜਾਂਦੇ ਹਨ।

ਪਰਿਪੱਕ ਲੋਕ ਹਟਕੇ ਹੁੰਦੇ ਹਨ। ਸਚਮੁਚ ਦੇ ਵੱਡੇ ਬੱਚੇ ਲੋਕ ਛੱਡਦੇ ਨਹੀਂ ਹਨ। ਦਾਊਦ ਨੂੰ ਵੇਖੋ; ਉਹ ਖ਼ੁਦਾ ਦੇ ਸਾਹਮਣੇ ਖੜਾ ਆਪਣੇ ਲੋਕਾਂ ਲਈ ਬੇਨਤੀ ਕਰ ਰਿਹਾ ਸੀ। ਫਿਰ ਜਦ ਦੁਬਾਰਾ ਦਾਊਦ ਕੋਲ ਆਇਆ ਤਾਂ ਕਹਿਣ ਲੱਗਾ, ''ਜਾ ਕੇ ਅਰਵਨਾਹ ਯਬੂਨੀ ਦੇ ਪਿੜ ਵਿਚ ਯਹੋਵਾ ਦੀ ਇਕ ਵੇਦੀ ਬਣਵਾ'' (2 ਸਮੂਏਲ 24: 18)। ਭਲਾ ਦਾਊਦ ਨੇ ਇਹ ਜਵਾਬ ਦਿੱਤਾ ਕਿ ''ਕੀ ਫ਼ਾਇਦਾ ਹੈ? ਜਦ ਮੈਨੂੰ ਪਤਾ ਹੀ ਹੈ ਕਿ ਮੈਂ ਫੇਰ ਪਾਪ ਕਰਾਂਗਾ ਤਾਂ ਇਸ ਨੂੰ ਸੁਧਾਰਨ ਦਾ ਕੀ ਫ਼ਾਇਦਾ?'' ਨਹੀਂ। ਸਗੋਂ ਉਹ ''ਯਹੋਵਾਹ ਦੇ ਹੁਕਮ ਅਨੁਸਾਰ ਗਾਦ ਦਾ ਉਹ ਵਚਨ ਮੰਨ ਕੇ ਉੱਥੇ ਗਿਆ'' (2 ਸਮੂਏਲ 24: 19)। ਖ਼ੁਦਾ ਦਾ ਰਹਿਮ ਫੇਰ ਹੋਇਆ ਅਤੇ ਦਾਊਦ ਨੇ ਹੁਕਮ ਮੰਨਿਆ! ਨਾਕਾਮ ਹੋਣ ਤੇ ਵੀ ਦਾਊਦ ਖ਼ੁਦਾ ਦੀ ਮਰਜ਼ੀ ਅਤੇ ਉਸ ਦੇ ਤਰੀਕੇ ਮੁਤਾਬਕ ਆਪਣੀ ਜ਼ਿੰਦਗੀ ਨੂੰ ਚਲਾਉਣ ਲਈ ਪੱਕੇ ਇਰਾਦੇ ਵਾਲਾ ਸੀ।

## ਵੱਡੇ ਬੱਚਿਆਂ ਨੂੰ ਖ਼ੁਦਾ ਦਾ ਹੁਕਮ ਮੰਨਣ ਦੀ ਲੋੜ ਰਹਿੰਦੀ ਹੈ (2 ਸਮੂਏਲ 24:20-25, 1 ਇਤਿਹਾਸ 21:20-26)

ਇਹ ਸਾਨੂੰ ਸੱਚਾਈ ਵੱਲ ਲਿਆਉਂਦਾ ਹੈ ਕਿ ਵੱਡੇ ਬੱਚੇ ਹੋਣ ਦੇ ਬਾਵਜੂਦ ਖ਼ੁਦਾ ਦਾ ਹੁਕਮ ਮੰਨਣ ਦੀ ਲੋੜ ਹੈ।

ਅਸੀਂ ਅਜਿਹੇ ਸਮੇਂ ਵਿਚ ਰਹਿੰਦੇ ਹਾਂ ਜਦ ਅਖ਼ਤਿਆਰ ਪ੍ਰਤੀ ਸਨਮਾਨ ਵਿਚ ਆਮ ਤੌਰ ਤੇ ਕਮੀ ਪਾਈ ਜਾਂਦੀ ਹੈ। ਤੁਹਾਡੇ ਵਿੱਚੋਂ ਜ਼ਿਆਦਾ ਲੋਕ ਇਸ ਗੱਲ ਨਾਲ ਸਹਿਮਤ ਹੋਣਗੇ। ਪਰ ਇਹ ਦਿਲਚਸਪ ਹੈ ਕਿ ਜਦ ਅਸੀਂ ਅਖ਼ਤਿਆਰ ਪ੍ਰਤੀ ਸਨਮਾਨ ਦੀ ਲੋੜ ਦੀ ਗੱਲ ਕਰਦੇ ਹਾਂ, ਤਾਂ ਆਮ ਤੌਰ ਤੇ ਅਸੀਂ ਬੱਚਿਆਂ ਨੂੰ ਹੀ ਕਹਿੰਦੇ ਹਾਂ, ''ਮਾਤਾ ਪਿਤਾ ਦਾ ਆਦਰ ਕਰੋ। ਆਪਣੇ ਅਧਿਕਾਰੀਆਂ ਦਾ ਆਦਰ ਕਰੋ। ਕਾਨੂੰਨ ਦਾ ਆਦਰ ਕਰੋ।'' ਇਨ੍ਹਾਂ ਵਿੱਚੋਂ ਹਰ ਗੱਲ ਸੱਚ ਹੈ, ਪਰ ਇਸ ਤੇ ਧਿਆਨ ਕਰੋ: ਉਸ ਅਧਿਕਾਰੀ ਦੇ ਸਨਮਾਨ ਦੀ ਕਮੀ ਦਾ ਕਾਰਣ ਬੱਚੇ ਨਹੀਂ ਸਗੋਂ ਵੱਡੇ ਬੱਚੇ ਹਨ, ਅਤੇ ਇਸ ਸਭ ਦਾ ਕਾਰਣ ਖ਼ੁਦਾ ਦੇ ਅਧਿਕਾਰ ਦਾ ਸਨਮਾਨ ਕਰਨਾ ਹੈ।

ਸਚਮੁਚ ਵੱਡੇ ਬੱਚੇ ਹੋ ਚੁੱਕੇ ਲੋਕਾਂ ਨੇ ਇਹ ਸਿੱਖ ਲਿਆ ਹੈ ਕਿ ਜ਼ਿੰਦਗੀ ਵਿਚ ਉਨ੍ਹਾਂ ਨੂੰ ਇੱਜ਼ਤ ਅਤੇ ਉਦੇਸ਼ ਤਦੇ ਮਿਲਦੇ ਹਨ ਜਦ ਉਹ ਖ਼ੁਦਾ ਅੱਗੇ ਹਲੀਮ ਬਣਦੇ ਅਤੇ ਉਹਦੀ ਇੱਛਾ ਪੂਰੀ ਕਰਨ ਲਈ ਕਾਹਲੀ ਕਰਦੇ ਹਨ।

ਖ਼ੁਦਾ ਨੇ ਦਾਊਦ ਨੂੰ ਅਰਨਵਾਹ ਯਬੂਸੀ ਦੇ ਪਿੜ ਵਿਚ ਕੁਰਬਾਨੀ ਦੇਣ ਲਈ ਆਖਿਆ ਸੀ। ਇਹ ਉਹ ਥਾਂ ਸੀ ਜਿੱਥੇ ਨਾਸ ਕਰਨ ਵਾਲੇ ਫ਼ਰਿਸ਼ਤੇ ਨੂੰ ਖ਼ੁਦਾ ਨੇ ਰੋਕਿਆ ਸੀ। ਪਿੜ ਆਮ ਤੌਰ ਤੇ ਬਾਹਰ ਉੱਚੀਆਂ ਥਾਂਵਾਂ ਤੇ ਬਣਾਏ ਜਾਂਦੇ ਸਨ। ਜਿੱਥੋਂ ਹਵਾ ਨਾਲ ਫੂਸ ਅਤੇ ਧੂੜ ਉਡ ਸਕੇ। ਇਹ ਖ਼ਾਸ ਪਿੜ ਯਰੂਸ਼ਲਮ ਦੇ ਉੱਤਰ ਪੂਰਬ ਵਿਚ ਮੋਰੀਆਹ ਪਹਾੜ ਉੱਤੇ ਸੀ (ਅਤੇ ਸ਼ਹਿਰ ਦੇ ਵਿਚ ਨਹੀਂ ਸੀ)। ਇਹ ਉਹੀ ਥਾਂ ਸੀ ਜਿੱਥੇ ਅਬਰਾਹਾਮ ਇਸਹਾਕ ਨੂੰ ਕੁਰਬਾਨ ਕਰਨ ਲਈ ਲੈ ਗਿਆ ਸੀ। ਇੱਥੇ ਹੀ ਸੁਲੇਮਾਨ ਨੇ ਹੈਕਲ ਬਣਾਈ ਸੀ।

ਅਸੀਂ ਪੱਕਾ ਨਹੀਂ ਜਾਣਦੇ ਕਿ ਅਰਵਨਾਹ ਕੌਣ ਸੀ। ਸ਼ਾਇਦ, ਉਹ ਇਕ ਯਬੂਸੀ ਪ੍ਰਧਾਨ ਜਾਂ

ਕਬਾਇਲੀ ਰਾਜਾ ਸੀ (2 ਸਮੂਏਲ 24:23) ਪਰ ਯਹੂਦੀ ਧਰਮ ਅਪਣਾ ਲਿਆ ਸੀ। ਜੋ ਵੀ ਹੋਵੇ, ਉਸ ਨੂੰ ਕਨਾਨ ਦੇਸ਼ ਵਿਚ ਰਹਿਣ ਅਤੇ ਕੁਝ ਜਾਇਦਾਦ ਰੱਖਣ ਦੀ ਇਜਾਜ਼ਤ ਮਿਲ ਗਈ ਸੀ।

ਜਦ ਖ਼ੁਦਾ ਨੇ ਦਾਊਦ ਨੂੰ ਇਸ ਕੁਰਬਾਨੀ ਲਈ ਲਈ ਆਖਿਆ ਤਾਂ ਉਸ ਨੇ ਕੋਈ ਝਿਜਕ ਨਹੀਂ ਵਿਖਾਈ। ਦਾਊਦ ਝੱਟ ਉਸ ਥਾਂ ਵੱਲ ਵਧਿਆ। ਹੁਕਮ ਮੰਨਣਾ ਇਸੇ ਨੂੰ ਆਖਦੇ ਹਨ।

1 ਇਤਿਹਾਸ 21:20 ਆਖਦਾ ਹੈ ਕਿ ਦਾਊਦ ਦੇ ਆਉਣ ਵੇਲੇ ਅਰਵਨਾਹ (ਆਰਨਾਨ) ''ਕਣਕ ਦਾ ਗਾਹ ਪਾਉਂਦਾ ਸੀ।''

> ਅਤੇ ਅਰਵਨਾਹ ਨੇ ਤੱਕਿਆ ਅਤੇ ਬਾਦਸ਼ਾਹ ਅਤੇ ਉਸ ਦੇ ਟਹਿਲੂਆਂ ਨੂੰ ਆਪਣੀ ਵੱਲ ਆਉਂਦਿਆਂ ਡਿੱਠਾ ਸੋ ਅਰਵਨਾਹ ਨਿੱਕਲਿਆ ਅਤੇ ਬਾਦਸ਼ਾਹ ਦੇ ਅੱਗੇ ਧਰਤੀ ਉੱਤੇ ਮੂੰਹ ਪਰਨੇ ਨਿਵਿਆ। ਅਰਵਨਾਹ ਨੇ ਆਖਿਆ, ਮਹਾਰਾਜ ਮੇਰਾ ਬਾਦਸ਼ਾਹ ਆਪਣੇ ਟਹਿਲੂਏ ਕੋਲ ਕਿਉਂ ਆਇਆ? ਦਾਊਦ ਨੇ ਆਖਿਆ, ਇਹ ਪਿੜ ਮੈਂ ਤੇਰੇ ਕੋਲੋਂ ਮੁੱਲ ਲਵਾਂ ਭਈ ਯਹੋਵਾਹ ਲਈ ਇਕ ਜਗਵੇਦੀ ਬਣਾਵਾਂ ਜੋ ਲੋਕਾਂ ਵਿੱਚੋਂ ਬਵਾ ਹਟ ਜਾਏ। ਅਰਵਨਾਹ ਨੇ ਦਾਊਦ ਨੂੰ ਆਖਿਆ, ਮੇਰਾ ਮਹਾਰਾਜ ਬਾਦਸ਼ਾਹ ਜੋ ਕੁਝ ਭੇਟ ਕਰਨ ਲਈ ਉਸ ਦੀ ਨਿਗਾਹ ਵਿਚ ਚੰਗਾ ਹੋਵੇ ਸੋ ਲਵੇ। ਵੇਖੋ, ਐਥੇ ਹੋਮ ਦੀ ਭੇਟ ਲਈ ਬਲਦ ਅਤੇ ਗਾਹ ਪਾਉਣ ਦਾ ਵਲੇਵਾ ਬਲਦਾਂ ਦੇ ਵਲੇਵੇ ਸਣੇ ਲੱਕੜ ਦੇ ਲਈ ਹੈ। ਇਹ ਸਭ ਕੁਝ ਹੇ ਰਾਜਨ, ਅਰਵਨਾਹ ਨੇ ਬਾਦਸ਼ਾਹ ਨੂੰ ਦੇ ਦਿੱਤਾ (2 ਸਮੂਏਲ 24:20–23)।

ਅਰਵਨਾਹ ਲਈ ਇਹ ਇਕ ਰੁਮਾਂਚਕਾਰੀ ਪਲ ਰਿਹਾ ਹੋਵੇਗਾ। ਮੈਂ ਅਜਿਹੀ ਕਿਸੇ ਘਟਨਾ ਤੇ ਵਿਚਾਰ ਕਰਨ ਦੀ ਕੋਸ਼ਿਸ਼ ਕੀਤੀ। ਪਹਿਲਾਂ ਮੈਂ ਅੱਧੀ ਰਾਤ ਵੇਲੇ ਬਾਹਰੋਂ ਦਰਵਾਜ਼ਾ ਖੜਕਣ ਦੀ ਅਵਾਜ਼ ਬਾਰੇ ਵਿਚਾਰ ਕੀਤੀ। ਦਰਵਾਜੇ ਵਿਚ ਕਰੀਬ ਅੱਧਾ ਦਰਜਣ ਅਧਿਕਾਰੀ ਲੱਗਣ ਵਾਲੇ ਲੋਕ ਹਨ, ਅਤੇ ਸੜਕ ਤੇ ਇਕ ਕਾਰ ਖੜੀ ਹੈ, ਗੱਡੀ ਦੀ ਛੱਤ ਹੇਠਾਂ ਭਾਫ਼ ਬਣੀ ਹੋਈ ਹੈ। ਕਾਰ ਵਿਚ ਜਾਣਿਆ ਪਛਾਣਿਆ ਅਧਿਕਾਰੀ ਬੈਠਾ ਹੈ। ਉਨ੍ਹਾਂ ਵਿੱਚੋਂ ਇਕ ਆਦਮੀ ਕਹਿੰਦਾ ਹੈ, ''ਅਮਰੀਕਾ ਦੇ ਰਾਸ਼ਟਰਪਤੀ ਇਲਾਕੇ ਵਿਚ ਇਕ ਗੁਪਤ ਮਿਸ਼ਨ ਦੇ ਸਿਲਸਿਲੇ ਵਿਚ ਆਏ ਸਨ ਅਤੇ ਉਨ੍ਹਾਂ ਦੀ ਕਾਰ ਖ਼ਰਾਬ ਹੋ ਗਈ ਸੀ। ਫ਼ੌਰਨ ਗੱਡੀ ਦਾਇੰਤਜ਼ਾਮ ਨਹੀਂ ਹੋ ਸਕਦਾ ਸੀ।'' ਮੈਂ ਦੋ ਤਿੰਨ ਵਾਰ ਥੁੱਕ ਲੰਘਾਉਂਦਾ ਹਾਂ, ਫਿਰ ਆਖਦਾ ਹਾਂ, ''ਤੁਸੀਂ ਮੇਰੀ ਕਾਰ ਦੀ ਚਾਬੀ ... ਅਤੇ ਮੇਰਾ ਕ੍ਰੈਡਿਟ ਕਾਰਡ ਰੱਖ ਲਓ।''

ਫਿਰ ਮੇਰੇ ਮਨ ਵਿਚ ਦੂਜਾ ਵਿਚਾਰ ਆਇਆ। ਰਾਸ਼ਟਰਪਤੀ ਦੀ ਤੁਲਨਾ ਅਸਲੀ ਸ਼ਾਹੀ ਸਵਾਰੀ ਨਾਲ ਨਹੀਂ ਕੀਤੀ ਜਾ ਸਕਦੀ। ਅਮਰੀਕਾ ਵਿਚ, ਸਾਡੇ ਸਭ ਤੋਂ ਮਸ਼ਹੂਰ ਮਨੋਰੰਜਨ ਕਰਨ ਵਾਲੇ ਅਤੇ ਖਿਡਾਰੀ ''ਸ਼ਾਹੀ'' ਲੋਕਾਂ ਦੇ ਰੂਪ ਵਿਚ ਮੰਨੇ ਜਾਂਦੇ ਹਨ। ਤੁਸੀਂ ਮਿਸਾਲ ਖ਼ੁਦ ਬਣਾਓ। ਕਲਪਨਾ ਕਰੋ ਕਿ ਜੇ ਉਹ ਸ਼ਖ਼ਸ ਜਿਸ ਦੇ ਤੁਸੀਂ ਪ੍ਰਸ਼ੰਸਕ ਹੋ ਤੁਹਾਨੂੰ ਬੇਨਤੀ ਕਰੇ ਤਾਂ ਤੁਸੀਂ ਕੀ ਕਰੋਗੇ।

ਅਰਵਨਾਹ ਨੇ ਦਾਊਦ ਨੂੰ ਕਿਹਾ, ''ਤੁਸੀਂ ਮੇਰੀਆਂ ਸਭ ਚੀਜ਼ਾਂ ਲਿਜਾ ਸਕਦੇ ਹੋ।[5] ਇਹ ਵਾਹੀ ਵਾਲੇ ਬੈਲ, ਤੁਸੀਂ ਬਲੀ ਲਈ ਲਿਜਾ ਸਕਦੇ ਹੋ। ਸੁਹਾਗਾ[6] ਅਤੇ ਬਲਦਾਂ ਦਾ ਜੂਲਾ ਤੁਸੀਂ ਅੱਗ ਬਾਲਣ ਲਈ ਲਿਜਾ ਸਕਦੇ ਹੋ।''

> ਤਦ ਬਾਦਸ਼ਾਹ ਨੇ ਅਰਵਨਾਹ ਨੂੰ ਆਖਿਆ, ਐਉਂ ਨਹੀਂ, ਪਰ ਮੈਂ ਤੈਨੂੰ ਮੁੱਲ ਦੇ ਕੇ ਉਹ ਪਿੜ ਲਵਾਂਗਾ ਐਤ ਮੈਂ ਯਹੋਵਾਹ ਆਪਣੇ ਖ਼ੁਦਾ ਦੇ ਲਈ ਅਜਿਹੀ ਭੇਟ ਨਾ ਚੜ੍ਹਾਵਾਂਗਾ ਜਿਹ ਦੇ ਉੱਤੇ ਮੇਰਾ ਕੁਝ ਮੁੱਲ ਨਾ ਲੱਗਾ ਹੋਵੇ! ਸੋ ਦਾਊਦ ਨੇ ਉਸ ਪਿੜ ਅਰ ਉਹ ਬਲਦ ਚਾਂਦੀ ਦੇ ਪੰਜਾਹ ਸ਼ਕਲ ਦੇ ਕੇ ਮੁੱਲ ਲੈ ਲਏ (2 ਸਮੂਏਲ 24:24)।

ਜੇ ਤੁਸੀਂ ਅੱਜ ਤਕ ਇਸ ਆਇਤ ਤੇ ਨਿਸ਼ਾਨ ਨਹੀਂ ਲਗਾਇਆ ਤਾਂ ਤੁਹਾਨੂੰ ਇਸ ਤੇ ਨਿਸ਼ਾਨ

ਲਾਉਣਾ ਚਾਹੀਦਾ ਹੈ। ਅਵਰਨਾਹ ਦੀ ਪੇਸ਼ਕਸ਼ ਖੁੱਲ੍ਹਦਿਲੀ ਵਾਲੀ ਸੀ। ਪਰ ਦਾਊਦ ਜਾਣਦਾ ਸੀ ਕਿ ਕੁਰਬਾਨੀ ਤੋਂ ਕੀ ਭਾਵ ਹੈ। ਜੇ ਅਵਰਨਾਹ ਹੀ ਸਭ ਕੁਝ ਦੇ ਦਿੰਦਾ ਤਾਂ ਇਹ ਅਵਰਨਾਹ ਦੀ ਕੁਰਬਾਨੀ ਹੋਣੀ ਸੀ, ਨਾ ਕਿ ਦਾਊਦ ਦੀ! ਦਾਊਦ ਦੀ ਗੱਲ ਸਚਮੁਚ ਵੱਡੇ ਬੱਚੇ ਵਾਲੀ ਗੱਲ ਸੀ। ਜਿਸ ਧਰਮ ਵਾਸਤੇ ਕੋਈ ਕੀਮਤ ਨਾ ਚੁਕਾਉਣੀ ਪਵੇ ਉਹ ਕਿਸੇ ਕੰਮ ਦਾ ਨਹੀਂ। ਵੱਡਾ ਹੋਣ ਵਾਲਾ ਆਦਮੀ ਮੁਫ਼ਤ ਦਾ ਝੂਟਾ ਨਹੀਂ ਲੈਣਾ ਚਾਹੇਗਾ; ਉਹ ਆਪਣਾ ਯੋਗਦਾਨ ਦੇਣਾ ਚਾਹੁੰਦਾ ਹੈ।

ਖ਼ੁਦਾ ਲਈ ਕੁਰਬਾਨੀ ਲਿਆਉਣ ਦੇ ਸੰਸਾਰ ਵਿਚ ਤਿੰਨ ਢੰਗ ਪਾਏ ਜਾਂਦੇ ਹਨ: ਉਦਾਸੀਨ ਆਦਮੀ ਆਖਦਾ ਹੈ, ''ਮੈਂ ਯਹੋਵਾਹ ਆਪਣੇ ਖ਼ੁਦਾ ਲਈ ... ਭੇਂਟ ਨਹੀਂ ਲਿਆਵਾਂਗਾ।'' ਅਨਾੜੀ ਆਦਮੀ ਆਖਦਾ ਹੈ, ''ਮੈਂ ਯਹੋਵਾਹ ਆਪਣੇ ਖ਼ੁਦਾ ਨੂੰ ਅਜਿਹੀ ਭੇਂਟ ਨਹੀਂ ਦਿਆਂਗਾ ਜਿਹਦੇ ਮੈਨੂੰ ਪੈਸੇ ਖਰਚਣੇ ਪੈਣ।'' ਪਰਿਪੱਕ ਆਦਮੀ ਆਖਦਾ ਹੈ, ''ਮੈਂ ਯਹੋਵਾਹ ਆਪਣੇ ਖ਼ੁਦਾ ਨੂੰ ਅਜਿਹੀ ਭੇਂਟ ਨਹੀਂ ਦਿਆਂਗਾ ਜਿਹਦੀ ਮੈਨੂੰ ਕੀਮਤ ਨਾ ਚੁਕਾਉਣੀ ਪਵੇ।''

ਸਚਮੁਚ ਵੱਡੇ ਬੱਚੇ ਜਾਣਦੇ ਅਤੇ ਸਮਝਦੇ ਹਨ ਕਿ ਸਚਮੁਚ ਹੁਕਮ ਮੰਨਣਾ ਕੀ ਹੁੰਦਾ ਹੈ। ਉਹ ਜਾਣਦੇ ਹਨ ਕਿ ਖ਼ੁਦਾ ਦਾ ਹੁਕਮ ਮੰਨਣ ਲਈ ਸਮਾਂ, ਊਰਜਾ ਅਤੇ ਕੋਸ਼ਿਸ਼ ਦੀ ਲੋੜ ਹੈ। ਉਹ ਜਾਣਦੇ ਹਨ ਕਿ ਖ਼ੁਦਾ ਦਾ ਹੁਕਮ ਮੰਨਣ ਲਈ ਰੁਕਾਵਟ ਆ ਸਕਦੀ ਹੈ। ਇਸ ਦੇ ਇਲਾਵਾ ਉਹ ਜਾਣਦੇ ਹਨ ਕਿ ਉਮਰ ਵਧਣ ਦੇ ਨਾਲ ਖ਼ੁਦਾ ਦਾ ਹੁਕਮ ਮੰਨਣ ਦੀ ਲੋੜ ਘੱਟ ਨਹੀਂ ਹੁੰਦੀ, ਬਲਕਿ ਇਹ ਵਧਦੀ ਹੀ ਹੈ। ਉਹ ਸੰਸਾਰਕ ਕੰਮ ਤੋਂ ਫ਼ਾਰਗ ਹੋ ਸਕਦੇ ਹਨ, ਪਰ ਉਹ ਜਾਣਦੇ ਹਨ ਕਿ ਖ਼ੁਦਾ ਦੀ ਸੇਵਾ ਤੋਂ ਉਹ ਮੁਕਤ ਨਹੀਂ ਹੋ ਸਕਦੇ!

ਸਚਮੁਚ ਵੱਡੇ ਹੋ ਜਾਣ ਵਾਲੇ ਲੋਕ ਜਾਣਦੇ ਹਨ ਕਿ ਖ਼ੁਦਾ ਦਾ ਹੁਕਮ ਮੰਨਣ ਤੋਂ ਕੀ ਭਾਵ ਹੈ।

## ਵੱਡੇ ਬੱਚੇ ਬੰਦਗੀ ਦੇ ਮਤਲਬ ਅਤੇ ਅਹਿਮੀਅਤ ਨੂੰ ਸਮਝਦੇ ਹਨ (2 ਸਮੂਏਲ 24:25; 1 ਇਤਿਹਾਸ 21:26-29)

ਵੱਡੇ ਬੱਚੇ ਸਮਝਦੇ ਹਨ ਕਿ ਬੰਦਗੀ ਕੀ ਹੈ ਅਤੇ ਉਮਰ ਦੇ ਵਧਣ ਨਾਲ ਇਹ ਉਸ ਨੂੰ ਹੋਰ ਵੀ ਪਿਆਰੇ ਜਾਣਦੇ ਹਨ।

2 ਸਮੂਏਲ 24:25 ਬਜ਼ੁਰਗ ਬਾਦਸ਼ਾਹ ਦੀ ਆਪਣੇ ਖ਼ੁਦਾ ਦੀ ਮੌਜੂਦਗੀ ਵਿਚ ਖ਼ੂਬਸੂਰਤ ਤਸਵੀਰ ਬਣਾਈ ਹੈ, ''ਅਤੇ ਦਾਊਦ ਨੇ ਉੱਥੇ ਯਹੋਵਾਹ ਦੀ ਇਕ ਵੇਦੀ ਬਣਾ ਕੇ ਹੋਮ ਦੀਆਂ ਬਲੀਆਂ ਅਤੇ ਸੁੱਖ ਸਾਂਦ ਦੀਆਂ ਭੇਟਾਂ ਚੜ੍ਹਾਈਆਂ ਅਤੇ ਯਹੋਵਾਹ ਨੇ ਦੇਸ਼ ਦੇ ਲਈ ਉਨ੍ਹਾਂ ਦੀਆਂ ਬੇਨਤੀਆਂ ਮੰਨ ਲਈਆਂ ਅਤੇ ਇਸਰਾਏਲ ਵਿੱਚੋਂ ਬਵਾ ਹਟ ਗਈ।'' ਦਾਊਦ ਨੇ ਪਹਿਲਾਂ ਉਸ ਬਵਾ ਨੂੰ ਹਟਾਓਣ ਲਈ, ਪਾਪ ਲਈ ਹੋਮ ਬਲੀ ਚੜ੍ਹਾਈ। ਫਿਰ ਉਸ ਦੇ ਖ਼ੁਦਾ ਨੂੰ ''ਸ਼ੁਕਰਗੁਜ਼ਾਰੀ'' ਲਈ ਸੁੱਖ ਸਾਂਦ ਦੀ ਬਲੀ ਚੜ੍ਹਾਈ।

1 ਇਤਿਹਾਸ 21 ਅਤੇ ਇਸ ਦੇ ਅਗਲੇ ਅਧਿਆਇ ਇਸ ਦੇ ਨਤੀਜੇ ਨੂੰ ਦਰਸਾਉਂਦੇ ਹਨ: ਖ਼ੁਦਾ ਵੱਲੋਂ ਉਸ ਕੁਰਬਾਨੀ ਉੱਤੇ ਅੱਗ ਡਿੱਗੀ; ਨਾਸ ਕਰਨ ਵਾਲੇ ਫ਼ਰਿਸ਼ਤੇ ਨੇ ਆਪਣੀ ਤਲਵਾਰ ਮਿਆਨ ਵਿਚ ਪਾ ਲਈ; ਉਹ ਥਾਂ ਹੈਕਲ ਦੇ ਸਥਾਨ ਲਈ ਚੁਣੀ ਗਈ ਸੀ (ਵੇਖੋ 1 ਇਤਿਹਾਸ 22:1; 2 ਇਤਿਹਾਸ 3:1), ਪਰ ਅਜੇ, ਅਸੀਂ ਇਸ ਸੱਚਾਈ ਤੇ ਧਿਆਨ ਦਿੰਦੇ ਹਾਂ। ਸਚਮੁਚ ਵੱਡੇ ਹੋ ਜਾਣ ਵਾਲੇ ਲੋਕ ਖ਼ੁਦਾ ਦੀ ਬੰਦਗੀ ਦੀ ਆਪਣੀ ਲੋੜ ਜਾਂ ਇੱਛਾ ਤੋਂ ਪਿਛਾਂਹ ਨਹੀਂ ਹਟਦੇ।

ਕਦੇ ਕਦੇ ਕਿਸੇ ਬੱਚੇ ਦੇ ਮਨ ਵਿਚ ਵਿਚਾਰ ਆਉਂਦਾ ਹੈ, ''ਜਦ ਮੈਂ ਵੱਡਾ ਹੋ ਜਾਵਾਂਗਾ ਅਤੇ ਮਾਂ ਪਿਓ ਦੇ ਅਧੀਨ ਨਹੀਂ ਰਹਾਂਗਾ ਤਾਂ ਬੜਾ ਚੰਗਾ ਲੱਗੇਗਾ। ਫਿਰ ਹਫ਼ਤੇ ਵਿਚ ਤਿੰਨ ਵਾਰ ਬੰਦਗੀ ਵਿਚ ਆਉਣ ਦੀ ਲੋੜ ਨਹੀਂ ਹੋਵੇਗੀ। ਇੱਕੋ ਵਾਰ ਜਾਣਾ ਕਾਫ਼ੀ ਹੁੰਦਾ ਹੈ।'' ਜੇ ਅਜਿਹੇ ਵਿਚਾਰ ਤੁਹਾਡੇ ਮਨ ਵਿਚ ਕਦੀ ਆਏ ਹਨ ਤਾਂ ਉਨ੍ਹਾਂ ਲੋਕਾਂ ਵੱਲ ਵੇਖੋ ਜਿਹੜੇ ਪ੍ਰਭੂ ਵਿਚ ਉਸ ਦੀ ਨਜ਼ਦੀਕੀ

ਵਿਚ ਬਜ਼ੁਰਗ ਹੋ ਗਏ ਹਨ। ਕੋਈ ਉਨ੍ਹਾਂ ਨੂੰ ਬੰਦਗੀ ਵਿਚ ਆਉਣ ਲਈ ਮਜਬੂਰ ਨਹੀਂ ਕਰਦਾ। ਉਹ ਅਜਿਹੇ ਇਸ ਲਈ ਹਨ ਕਿਉਂਕਿ ਬੰਦਗੀ ਉਨ੍ਹਾਂ ਲਈ ਬਹੁਤ ਕੀਮਤੀ ਹੈ ਅਤੇ ਹਰ ਰੋਜ਼ ਹੋਰ ਕੀਮਤੀ ਹੁੰਦੀ ਜਾਂਦੀ ਹੈ।

## ਸਾਰ

ਉਮੀਦ ਹੈ ਕਿ ਜੋ ਅਸੀਂ ਚਾਹੁੰਦੇ ਹਾਂ ਅਸੀਂ ਕਰ ਲਿਆ ਹੈ:

(1) ਪੁਰਾਣੇ ਨੇਮ ਨੂੰ ''ਸਾਡੀ ਸਿੱਖਿਆ ਲਈ'' ਇਸਤੇਮਾਲ ਕਰਨਾ।

(2) ਸਾਡੇ ''ਧੀਰਜ ਰੱਖਣ,'' ਬਣੇ ਰਹਿਣ ਅਤੇ ਛੱਡ ਕੇ ਨਾ ਜਾਣ ਲਈ ਪੁਰਾਣੇ ਨੇਮ ਦੀ ਵਰਤੋਂ ਕਰਨਾ।

(3) ਸਾਨੂੰ ਤਸੱਲੀ ''ਉਤਸ਼ਾਹ'' ਦੇਣ ਲਈ ਪੁਰਾਣੇ ਨੇਮ ਦੀ ਵਰਤੋਂ ਕਰਨਾ। *ਤੁਹਾਡਾ* ਪਾਪ ਕਿਹੋ ਜਿਹਾ ਵੀ ਕਿਉਂ ਨਾ ਹੋਵੇ, ਜੇ ਤੁਸੀਂ ਤੌਬਾ ਕਰਕੇ ਖ਼ੁਦਾ ਦੀ ਮਰਜ਼ੀ ਪੂਰੀ ਕਰਦੇ ਹੋ ਤਾਂ ਮਾਫ਼ੀ ਮਿਲ ਸਕਦੀ ਹੈ।

(4) ਸਾਡੀ ''ਆਸ'' ਬੰਨ੍ਹੀ ਰੱਖਣ ਲਈ ਪੁਰਾਣੇ ਨੇਮ ਦੀ ਵਰਤੋਂ ਕਰਨਾ। ਬੇਸ਼ੱਕ ਤੁਸੀਂ ਸਿੱਧ ਨਹੀਂ ਹੋ, ਤਾਂ ਵੀ ਤੁਸੀਂ ਖ਼ੁਦਾ ਦੇ ਮਨ ਮੁਤਾਬਕ ਆਦਮੀ ਜਾਂ ਔਰਤ, ਲੜਕਾ ਜਾਂ ਲੜਕੀ ਹੋ ਸਕਦੇ ਹੋ!

ਵੱਡੇ ਬੱਚਿਆਂ ਲਈ ਸਾਡੀ ਇਹੀ ਕਹਾਣੀ ਹੈ। ਇਸ ਦੀ ਸ਼ੁਰੂਆਤ ''ਇਕ ਵਾਰ ਦੀ ਗੱਲ ਹੈ'' ਨਾਲ ਹੋਈ ਸੀ, ਇਸ ਕਰਕੇ ਇਸ ਦਾ ਅੰਤ ''ਅਤੇ ਉਹ ਖੁਸ਼ੀ ਖੁਸ਼ੀ ਵੱਸਣ ਲੱਗੇ'' ਨਾਲ ਹੋਣਾ ਚਾਹੀਦਾ ਹੈ। ਖ਼ੁਦਾ ਵੱਲੋਂ ਦਾਊਦ ਨੂੰ ਮਾਫ਼ ਕਰ ਦੇਣ ਕਰਕੇ ਉਹਦੇ ਲਈ ਇਹ ਸਚਮੁਚ ਇਕ ਸੁਖਦਾਇਕ ਅੰਤ ਸੀ। ਜੇ ਤੁਸੀਂ ਇਹ ਯਕੀਨੀ ਬਣਾਓ ਕਿ ਤੁਹਾਡੀ ਜ਼ਿੰਦਗੀ ਖ਼ੁਦਾ ਦੀ ਮਰਜ਼ੀ ਮੁਤਾਬਕ ਹੈ ਤਾਂ ਤੁਹਾਡਾ ਅੰਤ ਵੀ ਸੁਖਦਾਇਕ ਹੋ ਸਕਦਾ ਹੈ।

---

ਟਿੱਪਣੀਆਂ

[1]ਇਸ ਤੱਥ ਨਾਲ ਕਿ ਯੋਆਬ ਨੂੰ ਪਤਾ ਲੱਗਾ ਕਿ ਇਸ ਵਿਚ ਪਾਪ ਹੈ (1 ਇਤਿਹਾਸ 21:3) ਦਾਊਦ ਦੇ ਦਿਮਾਗ ਦੀ ਘੰਟੀ ਵੱਜਣੀ ਚਾਹੀਦੀ ਸੀ, ਪਰ ਨਹੀਂ ਵੱਜੀ। ਯੋਆਬ ਦਾ ਇਤਰਾਜ਼ ਅਸਲ ਵਿਚ ਕੀ ਸੀ ਇਹ ਸਾਫ਼ ਨਹੀਂ ਹੈ। ਜੌਨ ਵਿਲਿਸ ਸ਼ਾਇਦ ਸਹੀ ਸੀ ਜਦ ਉਸ ਨੇ ਕਿਹਾ, ''ਯੋਆਬ ਸਹੀ ਸੀ, ਪਰ ਗਲਤ ਮਕਸਦਾਂ ਲਈ'' (*ਫ਼ਸਟ ਐਂਡ ਸੈਕੰਡ ਸੈਮੂਏਲ* [ਅਬਿਲੇਨ, ਟੈਕਸਸ: ACU ਪ੍ਰੈਸ, 1987], 411, 412)। [2]''[ਦਾਊਦ] ਕੰਨ ਵਿਚ ਕਹੀ ਸ਼ੈਤਾਨ ਦੀ ਗੱਲ ਸੁਣਦਾ ਹੈ ਕਿ ਉਹ ਸਹੀ ਕਰ ਰਿਹਾ ਹੈ'' (ਐੱਲ. ਐਲਨ, ਦ ਕਮਯੂਨੀਕੇਟਰ'ਜ਼ ਕਮੈਂਟਰੀ: *1, 2 ਕਰੌਨਿਕਲਸ* [ਵੈਕੋ, ਟੈਕਸਸ: ਵਰਲਡ ਬੁਕਸ, 1987], 140)। [3]NKJV ਵਿਚ ਹੈ ''ਦਾਊਦ ਦੇ ਮਨ ਨੇ ਉਸ ਉੱਤੇ ਦੋਸ਼ ਲਾਇਆ।'' [4]ਅਸੀਂ ਨਹੀਂ ਜਾਣਦੇ ਕਿ ਇਹ ਕਹਾਣੀ ਕਿੱਥੇ ਬੀਤੀ, ਇਸ ਕਰਕੇ ਅਸੀਂ ਨਹੀਂ ਜਾਣ ਸਕਦੇ ਕਿ ਲੋਕਾਂ ਨੇ ਆਪਣੇ ''ਵਿਰੁੱਧ ਖ਼ੁਦਾ ਦਾ ਕ੍ਰੋਧ ਭੜਕਾਉਣ'' ਲਈ ਕੀ ਕੀਤਾ। ਇਹ ਕੁਝ ਅਜਿਹਾ ਹੋ ਸਕਦਾ ਹੈ ਜਿਸ ਨੂੰ ਅਸੀਂ ਜਾਣਦੇ ਹਾਂ, ਜਿਵੇਂ ਅਬਸ਼ਾਲੋਮ ਦੀ ਬਗ਼ਾਵਤ ਵਿਚ ਉਨ੍ਹਾਂ ਦਾ ਸਾਥ ਦੇਣਾ, ਜਾਂ ਕੋਈ ਕੌਮੀ ਭੁੱਲ ਹੋ ਸਕਦੀ ਹੈ, ਜਿਹੜੀ ਲਿਖੀ ਨਹੀਂ ਗਈ। [5]ਗਲਬਾਤ ਸ਼ੁਰੂ ਕਰਨ ਦਾ ਇਹ ਆਮ ਢੰਗ ਸੀ। ਜ਼ਰੂਰੀ ਨਹੀਂ ਕਿ ਇਸ ਦਾ ਅਰਥ ਇਹ ਹੋਵੇ ਕਿ ਅਰਵਨਾਹ ਨੂੰ ਇਯ ਦੇ ਬਦਲੇ ਵਿਚ ਕੁਝ ਪਾਉਣ ਦੀ ਉਮੀਦ ਨਹੀਂ ਸੀ। [6]ਸੁਹਾਗਾ ਭਾਰੇ, ਚੌੜੇ ਫੱਟੇ ਦਾ ਬਣਿਆ ਹੁੰਦਾ ਸੀ, ਜਿਸ ਦੇ ਹੇਠਾਂ ਲੋਹੇ ਦੀਆਂ ਪੱਤੀਆਂ ਲੱਗੀਆਂ ਹੁੰਦੀਆਂ ਸਨ।